An Intermediate Level Joint Course

in

# PANJABI & SIKH STUDIES

(Suitable for GCSE students)

# ਪੰਜਾਬੀ

ਅਤੇ

# ਸਿੱਖ ਸਟੱਡੀਜ਼ ਕੋਰਸ

Gurinder Singh Sacha
Sadhu Singh Kang

# PANJABI AND SIKH STUDIES
## (Intermediate Level)

**Written by:**

G.S. Sacha M.A.,B.Ed., Dip. in T.E.F.L.(London) M.I.L.
26 Raymond Road, Newbury Park, Ilford,
IG2 7EA U.K. Tel.: 020 8924 3337

S.S.Kang M.A.,B.Ed. Dip. in Teaching (Leicester University)
61 Wernbrook Street, Plumstead, London
SE18 7RU U.K. Tel.: 020 8855 5612

**Approved by:**

(i) The National Council for Panjabi Teaching (Great Britain)
(ii) The British Sikh Education Council (10 Featherstone Road, Southall, Middx.)

© Authors, G.S.Sacha and S.S.Kang

**ISBN** 1 871888 08 5

**Acknowledgement:**

The authors extend their gratitude to Jagdip Singh Kang for his dedication and hard work in setting the computer graphics; layout and preparing the CD for printing this book.

**Publishers & Distributors :**

**D.T.F.**
117 Soho Road,
Handsworth,
Birmingham B21 9ST
Tel: 0121 515 1183

## THE SYLLABUS (Content)
## for
# PANJABI & SIKH STUDIES COURSE

**Note:** *Prior to starting this course the learner should have mastered the Panjabi Alphabet and Vowel Signs, and they should be able to read some very simple and short sentences in Panjabi. Please see 'Panjabi for Beginners' by the same authors.*

This joint course in Panjabi & Sikh Studies aims for the intermediate level learners – to read and understand as well as speak short and simple sentences in Panjabi containing such vocabulary as may have been used in the homes and environments of the Sikh Community under the following 'lesson heads'.

**(a) <u>Learning with Purpose:</u>**

(i) Parts of the Body
(ii) Clothes and Dress
(iii) Family and Relations
(iv) Home and Kitchen
(v) School and Classroom
(vi) Food and Fruits
(vii) Seasons and Months
(viii) Colours and Flags
(ix) Clock, Time & Place
(x) Numbers and Ordinals
(ix) Panjabi Pronouns, some Adjectives & Antonyms, some Verbs and some Adverbs

**(b) <u>Learning with Pleasure:</u>**

(i) Two cats and a Monkey
(ii) A Fox and a Crow
(iii) A Hare and a Tortoise
(iv) Dialogue – 1
(v) A Camel and a Jackal
(vi) A Monkey and a Crocodile
(vii) A Nightingale and an Ant
(viii) Dialogue - 2

**(c) <u>Learning with Pride:</u>**

(i) The Ten Gurus
(ii) The PANJ PIARAY
(iii) The CHAR SAHIBZADAY
(iv) The PANJ TAKHAT and PANJ BAANIAN
(v) The PANJ KAKKAR and CHAR KURAHITAN
(vi) The GURPURBS
(vii) The MOOL MANTAR

Stories from GURU NANAK, namely:-

(i) The True Bargain
(ii) The Honest Food
(iii) Visiting Hardwar
(iv) Visiting Makka

# ਪੰਜਾਬੀ ਅਤੇ ਸਿੱਖ ਸਟੱਡੀਜ਼ ਕੋਰਸ ਬਾਰੇ
# ਦੋ ਸ਼ਬਦ

ਇਹ ਕੋਰਸ ਵਿਸ਼ੇਸ਼ ਤੌਰ ਤੇ ਵਿਦੇਸ਼ਾਂ ਵਿੱਚ ਰਹਿੰਦੇ ਸਿੱਖਾਂ ਦੇ ਬੱਚਿਆਂ ਲਈ ਤਿਆਰ ਕੀਤਾ ਗਿਆ ਹੈ । ਮੂਲ ਰੂਪ ਵਿੱਚ ਭਾਵੇਂ ਇਹ ਪੰਜਾਬੀ ਦੀ ਪੜ੍ਹਾਈ ਦਾ ਹੀ ਕੋਰਸ ਹੈ, ਪ੍ਰੰਤੂ ਜੇਕਰ ਸਾਡੇ ਬੱਚੇ ਪੰਜਾਬੀ ਪੜ੍ਹਨ ਦਾ ਅਭਿਆਸ ਕਰਨ ਦੇ ਨਾਲ ਨਾਲ ਕੁਝ ਆਪਣੇ ਧਰਮ ਬਾਰੇ ਵੀ ਜਾਣਕਾਰੀ ਪ੍ਰਾਪਤ ਕਰ ਲੈਣ ਤਾਂ ਹੋਰ ਵੀ ਚੰਗੀ ਗੱਲ ਹੈ । ਦੂਜੇ ਸ਼ਬਦਾਂ ਵਿੱਚ ਅਸੀਂ ਇਹ ਵੀ ਆਖ ਸਕਦੇ ਹਾਂ ਕਿ ਇਸ ਕਿਤਾਬ ਰਾਹੀਂ ਜਦੋਂ ਬੱਚੇ ਆਪਣੇ ਸਿੱਖ ਧਰਮ ਬਾਰੇ ਮੁਢਲੀ ਜਾਣਕਾਰੀ ਪ੍ਰਾਪਤ ਕਰ ਰਹੇ ਹੋਣਗੇ ਤਾਂ ਨਾਲ ਨਾਲ ਉਨ੍ਹਾਂ ਦੀ ਪੰਜਾਬੀ ਪੜ੍ਹਨ, ਲਿਖਣ ਤੇ ਬੋਲਣ ਦੀ ਪ੍ਰੈਕਟਿਸ ਵੀ ਹੋ ਸਕੇਗੀ ।

ਦੇਖਣ ਵਿੱਚ ਆਇਆ ਹੈ ਕਿ ਸਾਡੇ ਬਹੁਤ ਸਾਰੇ ਸਿੱਖ ਬੱਚਿਆਂ ਨੂੰ ਪੰਜਾਬੀ ਸੁਣਨ ਦੇ ਤਾਂ ਕਾਫੀ ਮੌਕੇ ਮਿਲਦੇ ਹੀ ਹਨ, ਪ੍ਰੰਤੂ ਉਨ੍ਹਾਂ ਦੀ ਸ਼ੁਧ ਬੋਲਣ ਅਤੇ ਸਮਝਣ ਦੀ ਸ਼ਕਤੀ ਨੂੰ ਹੋਰ ਵਧਾਉਣ ਲਈ ਜ਼ਰੂਰੀ ਹੈ ਕਿ ਉਹ ਪੰਜਾਬੀ ਪੜ੍ਹਨ ਅਤੇ ਲਿਖਣ ਦਾ ਵੀ ਅਭਿਆਸ ਕਰਨ । ਐਸਾ ਕਰਨ ਨਾਲ ਨਾ ਕੇਵਲ ਉਨ੍ਹਾਂ ਵਲੋਂ ਸ਼ੁੱਧ ਬੋਲਣ ਵਿੱਚ ਵਧੇਰੇ ਤਰੱਕੀ ਹੋਵੇਗੀ, ਸਗੋਂ ਪੰਜਾਬੀ ਉਚਾਰਣ ਅਤੇ ਸ਼ਬਦਾਬਲੀ ਵਿੱਚ ਵੀ ਵਾਧਾ ਹੋਵੇਗਾ ।

ਕਿਉਂਕਿ ਕਈ ਬੱਚੇ ਪੰਜਾਬੀ ਪੜ੍ਹਨ ਤੇ ਲਿਖਣ ਦੇ ਕੰਮ ਨੂੰ ਕੁਝ ਔਖਾ ਤੇ ਬੋਰਿੰਗ ਸਮਝ ਕੇ ਇਸ ਵਿੱਚ ਦਿਲਚਸਪੀ ਨਹੀਂ ਲੈਂਦੇ, ਇਸ ਲਈ ਕੋਸ਼ਿਸ਼ ਕੀਤੀ ਗਈ ਹੈ ਕਿ ਕੇਵਲ ਐਸੇ ਲੈਸਨ ਜਾਂ ਵਿਸ਼ੇ ਹੀ ਪੜ੍ਹਾਏ ਜਾਣ ਜੋ ਬੱਚਿਆਂ ਦੀ ਸੋਚ ਅਤੇ ਆਲੇ ਦੁਆਲੇ ਦਾ ਹਿੱਸਾ ਹੋਣ । 'ਫੇਬਲਜ਼' ਯਾਨੀ ਮਨ-ਘੜਤ ਕਹਾਣੀਆਂ ਸਦਾ ਹੀ ਬੱਚੇ ਦੀ ਕਲਪਣਾ ਅਤੇ ਖੁਸ਼ੀ ਵਿੱਚ ਵਾਧਾ ਕਰਦੀਆਂ ਆਈਆਂ ਹਨ । ਇਸ ਲਈ ਮੁਢਲੀ ਪੱਧਰ ਦੇ ਬੱਚਿਆਂ ਲਈ ਐਸੀਆਂ ਕਹਾਣੀਆਂ ਦਾ ਹੋਣਾ ਵੀ ਬੜਾ ਜ਼ਰੂਰੀ ਹੈ । ਇਸ ਪੁਸਤਕ ਵਿੱਚ ਇਨ੍ਹਾਂ ਕਹਾਣੀਆਂ ਦੀ ਚੋਣ ਅਸੀਂ ਬੜੀ ਸੋਚ ਕੇ ਕੀਤੀ ਹੈ ।

ਇਸ ਇੰਟਰਮੀਡੀਏਟ ਲੈਵਲ ਦੀ ਪੁਸਤਕ ਵਿੱਚ ਟੀਚਾ ਇਹ ਰੱਖਿਆ ਗਿਆ ਹੈ ਕਿ ਹਰ ਇੱਕ ਬੱਚਾ ਘੱਟੋ ਘੱਟ ਡੇਢ ਸੌ ਸ਼ਬਦ ਇੱਕ ਲੈਸਨ ਜਾਂ ਇੱਕ ਬੈਠਕ ਵਿੱਚ ਪੜ੍ਹ ਸਕੇ ਪ੍ਰੰਤੂ ਅੱਗੇ ਜਾ ਕੇ ਪੁਸਤਕ ਦੇ ਅਖੀਰ ਵਿੱਚ ਉਹ ਤਰੱਕੀ ਕਰਦਾ ਹੋਇਆ ਤਿੰਨ ਚਾਰ ਸੌ ਸ਼ਬਦਾਂ ਵਾਲੀ ਕੋਈ ਕਹਾਣੀ ਆਦਿ ਪੜ੍ਹਨ ਦੀ ਪੱਧਰ ਤੱਕ ਪੁਜ ਜਾਵੇ । ਇਸੇ ਤਰ੍ਹਾਂ ਸਿੱਖ ਧਰਮ ਬਾਰੇ ਜਾਣਕਾਰੀ ਦੀ ਪੱਧਰ ਵੀ ਮੁਢਲੀ ਤੇ ਰੋਚਕ ਕਿਸਮ ਦੀ ਹੈ, ਤਾਂ ਜੋ ਬੱਚੇ ਦੇ ਦਿਮਾਗ ਤੇ ਬੇਲੋੜਾ ਭਾਰ ਨਾ ਪਵੇ ।

ਇਸ ਤੋਂ ਅੱਗੇ 'ਹਾਇਰ ਲੈਵਲ' ਦੀ ਪੁਸਤਕ ਵਿਸ਼ੇ ਅਤੇ ਵਸਤੂ ਪੱਖੋਂ ਇਸ ਤੋਂ ਕਾਫੀ ਉਪਰ ਦੀ ਪੱਧਰ ਦੀ ਹੈ । ਮਾਪਿਆਂ ਅਤੇ ਅਧਿਆਪਕਾਂ ਦੀ ਗਿਆਤ ਲਈ ਉਸ ਵਿੱਚ ਸ਼ਾਮਲ ਵਿਸ਼ਿਆ ਦੀ ਸੂਚੀ ਇਸ ਪੁਸਤਕ ਦੇ ਅਖੀਰ ਵਿੱਚ ਦਿੱਤੀ ਗਈ ਹੈ ।

ਗੁਰਿੰਦਰ ਸਿੰਘ ਸਾਚਾ          ਸਾਧੂ ਸਿੰਘ ਕੰਗ

# ਵਾਹਿਗੁਰੂ ਦੀਆਂ ਦਾਤਾਂ (God's Gifts)

ਵਾਹਿਗੁਰੂ ਇੱਕ ਹੈ । ਪੰਜਾਬੀ ਵਿੱਚ ਇਸ ਨੂੰ ਰੱਬ ਵੀ ਆਖਦੇ ਹਾਂ । ਕਈ ਲੋਕ ਵਾਹਿਗੁਰੂ ਨੂੰ ਪਰਮਾਤਮਾ ਜਾਂ ਈਸ਼ਵਰ ਵੀ ਕਹਿੰਦੇ ਹਨ । ਰੱਬ ਨੇ ਹੀ ਸਾਰੀ ਦੁਨੀਆਂ ਬਣਾਈ ਹੈ । ਧਰਤੀ, *ਦਰਿਆ*, ਜੰਗਲ, *ਪਹਾੜ*, *ਸਮੁੰਦਰ*, ਸੱਭ ਉਸ ਦੇ *ਖਿਡਾਉਣੇ* ਹਨ । *ਮਨੁੱਖ*, *ਪਸ਼ੂ*, *ਪੰਛੀ*, *ਕੀੜੇ ਮਕੌੜੇ*, ਉਹ ਸੱਭ ਦਾ ਮਾਲਕ ਹੈ । ਰੱਬ ਨੇ ਸਾਨੂੰ *ਸੱਭ* ਕੁਝ ਦਿੱਤਾ ਹੈ । ਉਸ ਦੀਆਂ ਦਾਤਾਂ ਦਾ ਕੋਈ ਅੰਤ ਨਹੀਂ ।

ਸਾਡੇ ਹੱਥ, ਪੈਰ, ਮੂੰਹ, ਅੱਖਾਂ, ਕੰਨ, ਨੱਕ ਸੱਭ ਰੱਬ ਨੇ ਹੀ ਦਿੱਤੇ ਹਨ । ਅਸੀਂ ਪੈਰਾਂ ਤੇ ਖੜੇ ਹੁੰਦੇ ਹਾਂ । ਲੱਤਾਂ ਨਾਲ ਚਲਦੇ ਹਾਂ । ਅਸੀਂ ਉਂਗਲਾਂ ਨਾਲ ਫੜਦੇ ਹਾਂ ਤੇ ਹੱਥਾਂ ਨਾਲ ਕੰਮ ਕਰਦੇ ਹਾਂ । ਅਸੀਂ ਕੰਨਾਂ ਨਾਲ ਸੁਣਦੇ ਹਾਂ ਤੇ ਨੱਕ ਨਾਲ *ਸੁੰਘਦੇ* ਹਾਂ । ਅਸੀਂ ਅੱਖਾਂ ਨਾਲ ਦੇਖਦੇ ਹਾਂ ਤੇ ਮੂੰਹ ਨਾਲ ਬੋਲਦੇ ਹਾਂ ।

ਸਾਡੇ ਦੰਦ ਖਾਣਾ ਖਾਣ ਵਿੱਚ *ਮਦਦ* ਕਰਦੇ ਹਨ । ਸਾਡੀ *ਜੀਭ* ਗੱਲਾਂ ਕਰਨ ਤੇ ਸੁਆਦ ਲੈਣ ਵਿੱਚ ਮਦਦ ਕਰਦੀ ਹੈ । ਦਿਲ ਅਤੇ ਦਿਮਾਗ ਸਾਡੇ ਸਰੀਰ ਦੇ ਬਹੁਤ ਜ਼ਰੂਰੀ *ਹਿੱਸੇ* ਹਨ । ਦਿਲ *ਲਹੂ* ਸਾਫ ਬਣਾਉਂਦਾ ਹੈ, ਜਿਸ ਨਾਲ ਸਾਰਾ ਸਰੀਰ ਚਲਦਾ ਹੈ । ਦਿਮਾਗ ਨਾਲ ਅਸੀਂ *ਸੋਚਦੇ* ਹਾਂ ਤੇ ਪੜ੍ਹਦੇ ਲਿਖਦੇ ਹਾਂ । ਦਿਮਾਗ ਸਿਰ ਦੇ *ਵਿਚਕਾਰ* ਹੁੰਦਾ ਹੈ । ਸਿਰ ਤੇ ਹੀ ਲੰਮੇ ਵਾਲ ਉਗਦੇ ਹਨ । ਇਹ ਵੀ ਵਾਹਿਗੁਰੂ ਨੇ ਦਿੱਤੇ ਹਨ । ਸਾਨੂੰ ਵਾਹਿਗੁਰੂ ਵਲੋਂ ਦਿੱਤੀ ਹਰ ਦਾਤ ਦੀ *ਕਦਰ ਕਰਨੀ* ਚਾਹੀਦੀ ਹੈ ।

| | | | |
|---|---|---|---|
| ਖਿਡਾਉਣੇ | toys | ਹਿੱਸੇ | parts |
| ਦਰਿਆ | river | ਸਰੀਰ | body |
| ਸਮੁੰਦਰ | sea | ਦਿਲ | heart |
| ਜੀਭ | tongue | ਸੁੰਘਣਾ | to smell |
| ਮਨੁੱਖ | human | ਮਦਦ | help |
| ਪਸ਼ੂ | animal | ਸਵਾਦ | taste |
| ਪੰਛੀ | bird | ਦਿਮਾਗ | brain |
| ਕੀੜੇ ਮਕੌੜੇ | insect | ਲਹੂ | blood |
| ਪਹਾੜ | mountain | ਸੋਚਣਾ | to think |
| ਸਾਰੀ / ਸੱਭ | all | ਵਿਚਕਾਰ | middle |
| ਜ਼ਰੂਰੀ | important | ਕਦਰ ਕਰਨੀ | to value |

# ਪ੍ਰਸ਼ਨ ਤੇ ਉੱਤਰ (Questions & Answers)

In your exercise/note book, copy each question neatly and write the answers in complete sentences.

**A**

੧. ਕੁਝ ਰੱਬ ਦੀਆਂ ਦਾਤਾਂ ਦੇ ਨਾਮ ਦੱਸੋ ।

੨. ਸਾਡੇ ਕੰਨ ਕਿਸ ਕੰਮ ਆਉਂਦੇ ਹਨ ?

੩. ਹੱਥਾਂ ਦੀਆਂ ਉਂਗਲਾਂ ਨਾਲ ਅਸੀਂ ਕੀ ਕਰਦੇ ਹਾਂ ?

੪. ਜੀਭ ਸਾਡੀ ਕਿਵੇਂ ਮਦਦ ਕਰਦੀ ਹੈ ?

੫. ਸਾਫ ਲਹੂ ਬਣਾਉਣ ਵਿੱਚ ਕੌਣ ਮਦਦ ਕਰਦਾ ਹੈ ?

**B**

Copy the following sentences by filling in appropriate words from the text you have read:

੧. ਰੱਬ ਦੀਆਂ ਦਾਤਾਂ ਦਾ ਕੋਈ ………… ਨਹੀਂ ।

੨. ਅਸੀਂ ਅੱਖਾਂ ਨਾਲ ………… ਹਾਂ ਤੇ ਨੱਕ ਨਾਲ …………… ਹਾਂ ।

੩. ਦਿਲ ਅਤੇ ਦਿਮਾਗ ਸਾਡੇ ……………. ਪੇ ਬਹੁਤ ਜ਼ਰੂਰੀ …………. ਹਨ ।

੪. ਸਿਰ ਤੇ ਲੰਮੇ …………. ਉਗਦੇ ਹਨ ।


੫. ਸਾਨੂੰ ਵਾਹਿਗੁਰੂ ਵਲੋਂ ਦਿੱਤੀ ਹਰ ………… ਦੀ …………… ਕਰਨੀ ਚਾਹੀਦੀ ਹੈ ।

ਹੇਠ ਦਿੱਤੇ ਵਰਗ (square) ਵਿੱਚੋਂ ਸਰੀਰਕ ਹਿੱਸਿਆਂ ਦੇ ਨਾਮ ਲੱਭ ਕੇ ਇੱਕ ਸੂਚੀ (list) ਤਿਆਰ ਕਰੋ ਅਤੇ ਉਨ੍ਹਾਂ ਦੇ ਨਾਂ ਅੰਗਰੇਜ਼ੀ ਵਿੱਚ ਲਿਖੋ :-

# ਸਰੀਰ ਦੇ ਹਿੱਸੇ


## Parts of the body

| | | | | | | | | | | | |
|---|---|---|---|---|---|---|---|---|---|---|---|
| ਸਿ | ਰ | ਗੁ | ਰ | ਦਾ | ਬੁ | ਲ੍ਹ | ਦਿ | ਲ | ਕ | ਲੇ | ਜਾ |
| ਹੱ | ਥ | ਪਿੰ | ਨੀ | ੜ੍ਹ | ਸਿ | ਰ | ਲੱ | ਤ | ਮ | ਗੋ | ਡਾ |
| ਪ | ਟ | ਖੋ | ਪ | ਰੀ | ਰ | ਮਿ | ਹ | ਦਾ | ਰ | ਮੱ | ਥਾ |
| ਹ | ਥੇ | ਲੀ | ਘੰ | ਡੀ | ਠੋ | ਢੂ | ਥ | ਪਿ | ਠ | ਦਾ | ੜ੍ਹ |
| ਫੇ | ਫ | ੜਾ | ਨਾ | ਸਾਂ | ਡੀ | ਈ | ਜੀ | ਭ | ਢਿ | ਡ | ਟੰ |
| ਵਾ | ਲ | ਭ | ਰ | ਵੱ | ਟੇ | ਕੱ | ਛ | ਦਾ | ਹ | ੜੀ | ਗ |
| ਧੌ | ਣ | ਪ | ਸ | ਲੀ | ਪੈ | ਦੰ | ਨੈ | ਣ | ਨੇ | ਤ | ਰ |
| ਣ | ਮੁ | ਠ | ਟੰ | ਗ | ਰ | ਦ | ਨ | ਕ | ਸਿ | ਰ | ਅ |
| ਦਿ | ਅੰ | ਗੂ | ਠਾ | ਲ੍ਹ | ਬੁ | ਸ਼ | ਕ | ਛ | ਕੰ | ਨ | ਖ |
| ਲ | ਤ | ਪ | ਧੌ | ਣ | ਛਾ | ਤੀ | ਲ | ਨੌਂ | ਹ | ਗ | ਟ |
| ਡੌ | ਲਾ | ਟ | ਣ | ਖੁ | ਚ | ਬੁ | ਲ੍ਹ | ਤ | ਢਾ | ਕਾਂ | ਮੁ |
| ਜ | ਬਾ | ੜਾ | ਗ | ਰ | ਦ | ਨ | ਦਿ | ਮਾ | ਗ | ਮੁੱ | ਛ |



← ਦਾਦਾ ਦਾਦੀ

ਪਤੀ ਪਤਨੀ →





← ਭੈਣ ਭਰਾ

ਵੱਡਾ ਪਰਵਾਰ →



# ਪਰਵਾਰ ਤੇ ਰਿਸ਼ਤੇਦਾਰ

## Family and Relations

ਪਰਵਾਰ ਇੱਕ *ਮਰਦ* ਤੇ ਇੱਕ *ਇਸਤ੍ਰੀ* ਦੇ *ਇੱਕਠੇ* ਰਹਿਣ ਨਾਲ ਬਣਦਾ ਹੈ । ਇੱਕ ਪੂਰੇ ਪਰਵਾਰ ਵਿੱਚ ਮਾਤਾ ਪਿਤਾ ਹੁੰਦੇ ਹਨ । *ਧੀਆਂ ਤੇ ਪੁੱਤਰ* ਹੁੰਦੇ ਹਨ । ਭੈਣਾਂ ਤੇ ਭਰਾ ਹੁੰਦੇ ਹਨ । ਕਈ ਪਰਵਾਰ ਛੋਟੇ ਹੁੰਦੇ ਹਨ ਤੇ ਕਈ ਵੱਡੇ ।

ਕਦੇ ਕਦੇ ਪਰਵਾਰਾਂ ਵਿੱਚ ਕਈ ਹੋਰ ਰਿਸ਼ਤੇਦਾਰ ਵੀ ਇੱਕਠੇ ਰਹਿੰਦੇ ਹਨ । ਪਿਤਾ ਦੇ ਮਾਤਾ ਪਿਤਾ ਨੂੰ ਦਾਦੀ ਜੀ ਤੇ ਦਾਦਾ ਜੀ ਕਹਿੰਦੇ ਹਨ । ਮਾਤਾ ਦੇ ਮਾਤਾ ਪਿਤਾ ਨੂੰ ਨਾਨੀ ਜੀ ਤੇ ਨਾਨਾ ਜੀ ਕਹਿੰਦੇ ਹਨ । ਪਿਤਾ ਦੇ ਵੱਡੇ ਭਰਾ ਨੂੰ ਤਾਇਆ ਜੀ ਤੇ ਛੋਟੇ ਨੂੰ ਚਾਚਾ ਜੀ ਆਖਦੇ ਹਨ । ਮਾਤਾ ਦੇ ਭਰਾ ਨੂੰ ਮਾਮਾ ਜੀ ਤੇ ਉਸ ਦੀ *ਪਤਨੀ* ਨੂੰ ਮਾਮੀ ਜੀ ਕਹਿੰਦੇ ਹਨ । ਮਾਂ ਦੀ ਭੈਣ ਨੂੰ ਮਾਸੀ ਆਖੀਦਾ ਹੈ ਅਤੇ ਉਸ ਦੇ *ਪਤੀ* ਨੂੰ ਮਾਸੜ ।

ਜੇਕਰ ਵੱਡੇ ਭਰਾ ਦਾ ਵਿਆਹ ਹੋ ਗਿਆ ਹੈ ਤਾਂ ਉਸ ਦੀ *ਵਹੁਟੀ* ਜਾਂ ਪਤਨੀ ਨੂੰ ਤੁਸੀਂ ਭਾਬੀ ਜਾਂ ਭਰਜਾਈ ਆਖੋਗੇ । ਪਤਨੀ ਦਾ ਭਰਾ ਸਾਲਾ ਹੁੰਦਾ ਹੈ ਤੇ ਉਸ ਦੀ ਭੈਣ ਸਾਲੀ । ਇਸ ਤਰ੍ਹਾਂ ਹੋਰ ਵੀ ਬਹੁਤ ਸਾਰੇ ਰਿਸ਼ਤੇਦਾਰ ਹੁੰਦੇ ਹਨ । ਸਾਨੂੰ ਆਪਣੇ ਪਰਵਾਰ ਦੇ ਸਾਰੇ ਰਿਸ਼ਤੇਦਾਰਾਂ ਬਾਰੇ ਪਤਾ ਹੋਣਾ ਚਾਹੀਦਾ ਹੈ । *ਆਮ ਕਰਕੇ* ਘਰ ਵਿੱਚ ਜਦੋਂ ਕਿਸੇ ਦਾ ਵਿਆਹ ਹੋਵੇ, ਕਿਸੇ ਦਾ *ਜਨਮ ਦਿਨ* ਹੋਵੇ ਜਾਂ ਕੋਈ *'ਅਖੰਡ ਪਾਠ'* ਦਾ *ਭੋਗ* ਹੋਵੇ ਤਾਂ ਸਾਰੇ ਰਿਸ਼ਤੇਦਾਰ ਇੱਕਠੇ ਹੁੰਦੇ ਹਨ । ਉਦੋਂ ਘਰ ਵਿੱਚ ਬਹੁਤ *ਰੌਣਕ* ਹੁੰਦੀ ਹੈ ।

| | |
|---|---|
| ਇੱਕਠੇ | together |
| ਧੀਆਂ ਤੇ ਪੁੱਤਰ | daughters & sons |
| ਆਮ ਕਰਕੇ | generally |
| ਇਸਤ੍ਰੀ | lady/woman |
| ਮਰਦ | man |
| ਵਹੁਟੀ / ਪਤਨੀ | wife |
| ਪਤੀ | husband |
| ਜਨਮ ਦਿਨ | birthday |
| ਅਖੰਡ ਪਾਠ | non stop reading of the holy Guru Granth Sahib |
| ਭੋਗ | finishing ceremony |
| ਰੌਣਕ | hustle and bustle |

## ਪ੍ਰਸ਼ਨ ਤੇ ਉੱਤਰ (Questions & Answers)

In your exercise/note book, copy each question neatly and write the answers in complete sentences.

**A**

੧. ਪਰਵਾਰ ਕਿਵੇਂ ਬਣਦਾ ਹੈ ?

੨. ਪਿਤਾ ਦੇ ਵੱਡੇ ਭਰਾ ਨੂੰ ਕੀ ਕਹੀਦਾ ਹੈ ?

੩. ਮਾਤਾ ਦੀ ਭੈਣ ਤੁਹਾਡੀ ਕੀ ਲਗਦੀ ਹੈ ?

੪. ਵੱਡੇ ਭਰਾ ਦੀ ਪਤਨੀ ਦਾ ਤੁਹਾਡੇ ਨਾਲ ਕੀ ਰਿਸ਼ਤਾ ਹੈ ?

੪. ਕੋਈ ਦੋ ਹੋਰ ਰਿਸ਼ਤੇ ਦੱਸੋ ਜੋ ਪੜ੍ਹੀ ਗਈ ਵਾਰਤਾ (text) ਵਿੱਚ ਨਹੀਂ ।

**B**

Copy the following sentences by filling in appropriate words from the text you have read:

੧. ਕਈ ਪਰਵਾਰ ਛੋਟੇ ਹੁੰਦੇ ਹਨ ਤੇ ਕਈ ............ ।

੨. ਕਈ ਪਰਵਾਰਾਂ ਵਿੱਚ ਕਈ ਹੋਰ ............ ਇੱਕਠੇ ਰਹਿੰਦੇ ਹਨ ।

੩. ਪਿਤਾ ਦੇ ਵੱਡੇ ਭਰਾ ਨੂੰ ................ ਜੀ ਤੇ ਛੋਟੇ ਨੂੰ ......... ਜੀ ਕਹਿੰਦੇ ਹਨ ।

੪. ਪਤਨੀ ਦਾ ਭਰਾ ............... ਹੁੰਦਾ ਹੈ ਤੇ ਉਸ ਦੀ ਭੈਣ ............ ।

੫. ਜਦੋਂ ਘਰ ਵਿੱਚ ਰਿਸ਼ਤੇਦਾਰ ਇੱਕਠੇ ਹੁੰਦੇ ਹਨ ਤਾਂ ਬਹੁਤ ............ ਹੁੰਦੀ ਹੈ ।


ਹੇਠ ਦਿੱਤੇ ਵਰਗ (square) ਵਿੱਚੋਂ ਕਿਸੇ ਪਾਸੇ ਵਲੋਂ ਵੀ ਅੱਖਰਾਂ ਨੂੰ ਜੋੜ ਕੇ ਰਿਸ਼ਤੇਦਾਰਾਂ ਦੇ ਨਾਵਾਂ ਦੀ ਇੱਕ ਸੂਚੀ (list) ਤਿਆਰ ਕਰੋ ਅਤੇ ਉਨ੍ਹਾਂ ਦੇ ਨਾਂ ਅੰਗਰੇਜ਼ੀ ਵਿੱਚ ਲਿਖੋ :-

# ਰਿਸ਼ਤੇਦਾਰ

## Relatives

| | | | | | | | | | |
|---|---|---|---|---|---|---|---|---|---|
| ਭੂ | ਆ | ਧੀ | ਭ | ਸਾ | ਲੀ | ਮਾ | ਸੀ | ਨਾ | ਜ |
| ਸ | ਮਾ | ਸੀ | ਰ | ਪੋ | ਤੀ | ਮੀ | ਨੀ | ਨਾ | ਠਾ |
| ਹੁ | ਮਾ | ਮਾ | ਜਾ | ਮਾ | ਸ | ੜ | ਜ | ਭੈ | ਣੀ |
| ਰਾ | ਦੇ | ਰ | ਈ | ਪੁੱ | ਤ | ਰ | ਠਾ | ਣ | ਬੀ |
| ਸਾ | ਲਾ | ਤਾ | ਪਿ | ਤਾ | ਦ | ਰਾ | ਣੀ | ਧੀ | ਭਾ |
| ਫੁੱ | ਫ | ੜ | ਚਾ | ਜੇ | ਠ | ਕੁ | ੜ | ਮ | ਣ |
| ਨਾ | ਨੀ | ਚਾ | ਚੀ | ਭ | ਰ | ਜਾ | ਈ | ਤਾ | ਜਾ |
| ਨ | ਨਾ | ਣ | ਭ | ਰਾ | ਦੇ | ਆ | ਬਾ | ਬਾ | ਭ |
| ਭ | ਤਾ | ਇ | ਆ | ਭੂ | ਸੱ | ਸ | ਇ | ਮਾ | ਤੀ |
| ਬੀ | ਭ | ਣੋ | ਈ | ਆ | ਪਿ | ਓ | ਪੋ | ਤਾ | ਜੀ |

# ਕੱਪੜੇ



# ਕੱਪੜੇ (Clothes/dress)

ਸਰੀਰ ਦੀ ਦੇਖ ਭਾਲ ਲਈ ਕੱਪੜੇ ਬਹੁਤ ਜ਼ਰੂਰੀ ਹਨ । ਨੰਗਾ ਸਰੀਰ ਚੰਗਾ ਨਹੀਂ ਲਗਦਾ । ਵੱਖ ਵੱਖ ਦੇਸਾਂ ਦੇ ਲੋਕ ਵੱਖ ਵੱਖ ਤਰ੍ਹਾਂ ਦੇ ਕੱਪੜੇ ਪਾਉਂਦੇ ਹਨ । ਗਰਮੀਆਂ ਦੇ ਕੱਪੜੇ ਹੋਰ ਹੁੰਦੇ ਹਨ ਅਤੇ ਸਰਦੀਆਂ ਦੇ ਹੋਰ । ਕਮੀਜ਼, ਕੱਛਾ, ਬੁਨੈਣ ਆਦਿ ਦੋਵੇਂ ਰੁਤਾਂ ਵਿੱਚ ਪੈ ਸਕਦੇ ਹਨ ।

ਹਰ ਕੋਈ ਸਾਫ ਤੇ ਸੁਹਣੇ ਕੱਪੜੇ ਪਾਉਣੇ ਚਾਹੁੰਦਾ ਹੈ । ਮੈਲੇ ਤੇ ਫਟੇ ਕੱਪੜੇ ਕਿਸੇ ਨੂੰ ਵੀ ਚੰਗੇ ਨਹੀਂ ਲਗਦੇ । ਬੱਚੇ ਨਵੇਂ ਨਵੇਂ ਕੱਪੜੇ ਪਾ ਕੇ ਬਹੁਤ ਖੁਸ਼ ਹੁੰਦੇ ਹਨ । ਕਈ ਸਕੂਲਾਂ ਵਿੱਚ ਬੱਚਿਆਂ ਨੂੰ ਸਕੂਲ 'ਯੂਨੀਫਾਰਮ' ਪਾਉਣੀ ਪੈਂਦੀ ਹੈ । ਇਸ ਤਰ੍ਹਾਂ ਉਸ ਸਕੂਲ ਵਿੱਚ ਪੜ੍ਹਦੇ ਸਾਰੇ ਬੱਚੇ ਉਸੇ ਰੰਗ ਦੀ ਕਮੀਜ਼, ਪੈਂਟ, ਟਾਈ, ਸਵੈਟਰ ਤੇ ਜੈਕਟ ਪਾਉਂਦੇ ਹਨ । ਕਈ ਖਾਲਸਾ ਸਕੂਲਾਂ ਵਿੱਚ ਮੁੰਡਿਆਂ ਦੀਆਂ ਪੱਗਾਂ ਤੇ ਕੁੜੀਆਂ ਦੀਆਂ ਚੁੰਨੀਆਂ ਦਾ ਰੰਗ ਵੀ ਇੱਕੋ ਜਿਹਾ ਹੁੰਦਾ ਹੈ ।

ਕੱਪੜੇ ਕਈ ਪਰਕਾਰ ਦੇ ਹੁੰਦੇ ਹਨ । ਉੱਨ ਤੋਂ ਬਣੇ ਕੱਪੜੇ ਠੰਡ ਤੋਂ ਬਚਾਉਂਦੇ ਹਨ । ਸੂਤੀ ਕੱਪੜੇ ਆਮ ਕਰਕੇ ਗਰਮੀਆਂ ਵਿੱਚ ਠਕਿ ਰਹਿੰਦੇ ਹਨ । ਰੇਸ਼ਮੀ ਕੱਪੜੇ ਮਹਿੰਗੇ ਹੁੰਦੇ ਹਨ । ਖੇਤਾਂ ਤੇ ਫੈਕਟਰੀਆਂ ਵਿੱਚ ਕੰਮ ਕਰਨ ਵਾਲੇ ਕਿਸਾਨ ਤੇ ਕਾਮੇ ਰਤਾ ਮੋਟੇ ਜਾਂ 'ਰਫ' ਕਿਸਮ ਦੇ ਕੱਪੜੇ ਪਾਉਂਦੇ ਹਨ । ਦਫਤਰਾਂ ਤੇ ਦੁਕਾਨਾਂ ਆਦਿ ਵਿੱਚ ਕੰਮ ਕਰਨ ਵਾਲੇ ਲੋਕਾਂ ਦੇ ਕੱਪੜੇ ਛੇਤੀ ਮੈਲੇ ਨਹੀਂ ਹੁੰਦੇ । ਰਾਤ ਨੂੰ ਸਾਉਣ ਵੇਲੇ ਖੁੱਲ੍ਹੇ ਕੱਪੜੇ ਪਾਉਣੇ ਚਾਹੀਦੇ ਹਨ । ਇਸ ਨਾਲ ਨੀਂਦ ਚੰਗੀ ਆਉਂਦੀ ਹੈ ।

| | | | |
|---|---|---|---|
| ਦੇਖ ਭਾਲ | care | ਨੀਂਦ | sleep |
| ਗਰਮੀਆਂ | summer | ਨੰਗਾ | naked |
| ਸਰਦੀਆਂ | winter | ਮਹਿੰਗਾ | expensive |
| ਦੇਸਾਂ | countries | ਪੁਰਾਣੇ | old |
| ਲੋਕ | people | ਮੈਲੇ | dirty |
| ਵੱਖ ਵੱਖ | different | ਉਨ | wool |
| ਰੁੱਤਾਂ | seasons | ਖੁੱਲ੍ਹੇ | loose |
| ਪਰਕਾਰ / ਕਿਸਮ | types, kinds | ਸੂਤੀ | cotton |
| ਬਚਾਉਂਦੇ | save | ਰੇਸ਼ਮੀ | silk |
| ਕਿਸਾਨ | farmer | ਪੱਗ | turban |

# ਪ੍ਰਸ਼ਨ ਤੇ ਉੱਤਰ (Questions & Answers)

In your exercise/note book, copy each question neatly and write the answers in complete sentences.

**A**

੧. ਕੱਪੜੇ ਪਾਉਣੇ ਕਿਉਂ ਜ਼ਰੂਰੀ ਹਨ ?

੨. ਅਸੀਂ ਕਿਹੋ ਜਿਹੇ ਕੱਪੜੇ ਪਾਉਣਾ ਚਾਹੁੰਦੇ ਹਾਂ ?

੩. 'ਸਕੂਲ ਯੂਨੀਫਾਰਮ' ਲਈ ਕੀ ਕਰਨਾ ਪੈਂਦਾ ਹੈ ?

੪. ਕਿਸ ਕਿਸਮ ਦੇ ਬਣੇ ਕੱਪੜੇ ਠੰਡ ਤੋਂ ਬਚਾਉਂਦੇ ਹਨ ?

੫. ਖੇਤਾਂ ਵਿੱਚ ਕੰਮ ਕਰਨ ਵਾਲੇ ਕਾਮੇ ਕਿਹੋ ਜਿਹੇ ਕੱਪੜੇ ਪਾਉਂਦੇ ਹਨ ?

**B**

Copy the following sentences by filling in appropriate words from the text you have read:

੧. ਗਰਮੀਆਂ ਦੇ ਕੱਪੜੇ ਹੋਰ ਹੁੰਦੇ ਹਨ ਤੇ ............... ਦੇ ਹੋਰ ।

੨. ਬੱਚੇ ਨਵੇਂ ਕੱਪੜੇ ਪਾ ਕੇ ਬਹੁਤ ............... ਹੁੰਦੇ ਹਨ ।

੩. ਕਈ ਖਾਲਸਾ ਸਕੂਲਾਂ ਵਿੱਚ ਮੁੰਡਿਆਂ ਦੀਆਂ ............ ਤੇ ਕੁੜੀਆਂ ਦੀਆਂ ......... ਦਾ ਰੰਗ ਵੀ ਇੱਕੋ ਜਿਹਾ ਹੁੰਦਾ ਹੈ ।

੪. ਸੂਤੀ ਕੱਪੜੇ ਆਮ ਕਰਕੇ ............... ਵਿੱਚ ਠੀਕ ਰਹਿੰਦੇ ਹਨ ।


੫. ਦਫਤਰਾਂ ਤੇ ਦੁਕਾਨਾਂ ਵਿੱਚ ਕੰਮ ਕਰਨ ਵਾਲੇ ਲੋਕਾਂ ਦੇ ......... ਛੇਤੀ ............ ਨਹੀਂ ਹੁੰਦੇ ।

ਹੇਠ ਦਿੱਤੇ ਵਰਗ (square) ਵਿੱਚੋਂ ਆਮ ਵਰਤੋਂ ਵਿੱਚ ਆਉਣ ਵਾਲੇ ਕੱਪੜਿਆਂ ਦੀ ਇੱਕ ਸੂਚੀ (list) ਤਿਆਰ ਕਰੋ ਅਤੇ ਉਨ੍ਹਾਂ ਦੇ ਨਾਂ ਅੰਗਰੇਜ਼ੀ ਵਿੱਚ ਲਿਖੋ :-

# ਕੱਪੜੇ

## Clothes

| | | | | | | | | | | | |
|---|---|---|---|---|---|---|---|---|---|---|---|
| ਕ | ਮੀ | ਜ਼ | ਚਾ | ਦ | ਰ | ਸ | ਕ | ਰੱ | ਟ | ੳ | ਦੁ |
| ਪ | ਤ | ਸ | ਮੇ | ਟੋ | ਪੀ | ਸੂ | ਸ | ਲ | ਵਾ | ਰ | ਪ |
| ੜੇ | ਸ | ਵੈ | ਟ | ਰ | ਕੋ | ਟ | ਕੋ | ਘੱ | ਗ | ਰਾ | ਟਾ |
| ਜੇ | ਧੋ | ਤੀ | ਛ | ਤ | ਰੀ | ਪੇ | ਟੀ | ੳ | ਰ | ਦ | ਪੈਂ |
| ਬ | ਪ | ਗ | ਅੰ | ਗੀ | ਦ | ਸ | ਤਾ | ਰ | ਸ | ਰੀ | ਟ |
| ਸਾ | ੜ੍ਹੀ | ਐ | ਪ | ਰ | ਣ | ਪ | ਗ | ੜੀ | ਮਾ | ਗੱ | ਦਾ |
| ਪ | ਗ | ੜੀ | ਜਾਂ | ਛ | ਣ | ਕੋ | ਟ | ਜੁ | ਰਾ | ਬਾਂ | ਜੀ |
| ਤੌ | ਲੀ | ਆ | ਮਾ | ਤ | ਚ | ਬ | ਲਾ | ਉ | ਜ਼ | ਬ | ਨ |
| ਪ | ਜਾ | ਮਾ | ੳ | ਰੀ | ਦ | ਸ | ਤਾ | ਨੇ | ਣ | ਰ | ਟ |
| ਟਾ | ਈ | ਰੁ | ਮਾ | ਲ | ਰ | ਵੈ | ਬ | ਟ | ਨ | ਸਾ | ਬ |
| ਈ | ਬ | ਰ | ਸਾ | ਤੀ | ਸ਼ਾ | ਟ | ਬੁ | ਨੈ | ਣ | ਤੀ | ੳ |
| ਕ | ਛੈ | ਰਾ | ਸਾ | ੜ੍ਹੀ | ਲ | ਰ | ਟਾ | ਈ | ਪ | ਜਾ | ਮਾ |




↑

A flat roof house in Panjab



A slanting roof house in Britain →



← Cooking in Chandigarh



Cooking in London →

# ਘਰ ਅਤੇ ਰਸੋਈ

## Home & Kitchen

ਜਿੱਥੇ ਅਸੀਂ ਪਰਵਾਰ ਨਾਲ ਰਹਿੰਦੇ ਹਾਂ, ਖਾਂਦੇ ਪੀਂਦੇ ਤੇ ਸੌਂਦੇ ਹਾਂ, ਉਹ ਸਾਡਾ ਘਰ ਹੈ । ਘਰ ਵੱਡੇ ਵੀ ਹੁੰਦੇ ਹਨ ਤੇ ਛੋਟੇ ਵੀ । ਅਮੀਰ ਲੋਕ ਵੱਡੀਆਂ ਵੱਡੀਆਂ ਕੋਠੀਆਂ ਵਿੱਚ ਰਹਿੰਦੇ ਹਨ, ਤੇ ਗਰੀਬ ਲੋਕ ਨਿੱਕੀਆਂ ਨਿੱਕੀਆਂ ਝੌਂਪੜੀਆਂ ਵਿੱਚ । ਇਹ ਸੱਭ ਇਹਨਾਂ ਦੇ ਘਰ ਹਨ ।

ਇੱਕ ਵੱਡੇ ਘਰ ਵਿੱਚ ਕਈ ਕਮਰੇ ਹੁੰਦੇ ਹਨ । ਤਿੰਨ ਚਾਰ ਕਮਰੇ ਸੌਣ ਲਈ ਹੁੰਦੇ ਹਨ । ਇੱਕ ਜਾਂ ਦੋ ਕਮਰੇ ਰੋਟੀ ਪਕਾਉਣ ਤੇ ਖਾਣ ਲਈ ਹੁੰਦੇ ਹਨ । ਇੱਕ ਦੋ ਨਿੱਕੇ ਕਮਰੇ ਬਾਥ ਤੇ ਟੌਇਲਟ ਆਦਿ ਲਈ ਹੁੰਦੇ ਹਨ । ਐਸੇ ਕਮਰੇ ਨੂੰ ਪੰਜਾਬੀ ਵਿੱਚ ਗੁਸਲਖਾਨਾ ਜਾਂ ਨਹਾਉਣ ਦਾ ਕਮਰਾ ਆਖਦੇ ਹਾਂ । ਇੰਗਲੈਂਡ ਵਿੱਚ ਘਰਾਂ ਦੀਆਂ ਬਾਹਰਲੀਆਂ ਕੰਧਾਂ ਇੱਟਾਂ ਦੀਆਂ ਤੇ ਅੰਦਰਲੇ ਫਰਸ਼ ਲੱਕੜ ਦੇ ਹੁੰਦੇ ਹਨ । ਪੰਜਾਬ ਵਿੱਚ ਘਰਾਂ ਦੇ ਫਰਸ਼ ਪੱਕੇ ਹੁੰਦੇ ਹਨ, ਜੋ ਇੱਟਾਂ ਪੱਥਰ ਤੇ ਬਜਰੀ ਜਾਂ ਚਿਪਸ ਨਾਲ ਬਣਾਉਂਦੇ ਹਨ । ਪੰਜਾਬ ਦੇ ਘਰਾਂ ਦੀਆਂ ਛੱਤਾਂ ਸਿੱਧੀਆਂ ਤੇ ਪੱਧਰੀਆਂ ਹੁੰਦੀਆਂ ਹਨ । ਇਹ ਵੀ ਪੱਕੀਆਂ ਇੱਟਾਂ, ਸੀਮਿੰਟ ਤੇ ਬਜਰੀ ਨਾਲ ਬਣੀਆਂ ਹੁੰਦੀਆਂ ਹਨ । ਇੰਗਲੈਂਡ ਦੇ ਘਰਾਂ ਦੀਆਂ ਛੱਤਾਂ ਲੱਕੜ ਤੇ ਟਾਈਲਾਂ ਨਾਲ ਬਣਦੀਆਂ ਹਨ । ਇਹ ਛੱਤਾਂ ਆਮ ਕਰਕੇ ਟੇਡੀਆਂ ਤੇ ਤਿਕੋਨ ਸ਼ਕਲ ਦੀਆਂ ਹੁੰਦੀਆਂ ਹਨ ।

ਘਰ ਦਾ ਸੱਭ ਤੋਂ ਜ਼ਰੂਰੀ ਕਮਰਾ ਰਸੋਈ ਹੁੰਦਾ ਹੈ । ਰਸੋਈ ਵਿੱਚ ਖਾਣ ਪਕਾਣ ਦਾ ਕੰਮ ਹੁੰਦਾ ਹੈ । ਉਸ ਵਿੱਚ ਕਈ ਪਰਕਾਰ ਦੇ ਭਾਂਡੇ ਤੇ ਕਰੌਕਰੀ ਹੁੰਦੀ ਹੈ । ਪਤੀਲੇ ਤੇ ਉਹਨਾਂ ਦੇ ਢੱਕਣ, ਥਾਲੀਆਂ, ਕੌਲੀਆਂ, ਗਲਾਸ, ਚਮਚੇ ਆਦਿ ਸੱਭ ਕੁਝ ਰਸੋਈ ਵਿੱਚ ਹੁੰਦਾ ਹੈ । ਰੋਟੀ ਬਣਾਉਣ ਲਈ ਚਕਲਾ, ਬੇਲਨਾ, ਤਵਾ ਤੇ ਪਰਾਤ ਜ਼ਰੂਰੀ ਚੀਜ਼ਾਂ ਹਨ ।

| | | | |
|---|---|---|---|
| ਅਮੀਰ | rich | ਗਰੀਬ | poor |
| ਕੋਠੀਆਂ | bungalows | ਝੌਂਪੜੀਆਂ | cottages |
| ਬਜਰੀ | concrete | ਪੱਧਰੀਆਂ | flat |
| ਟੇਡੀਆਂ | slanting | ਤਿਕੋਨ ਸ਼ਕਲ | triangular shap |
| ਬਾਹਰਲੀਆਂ ਕੰਧਾਂ | outer walls | ਛੱਤਾਂ | roofs / ceilings |
| ਇੱਟਾਂ ਪੱਥਰ | bricks & stones | ਭਾਡੇ | pots & pans / utensil |
| ਚਕਲਾ | board | ਤਵਾ | hot plate |
| ਬੇਲਨਾ | rolling pin | ਪਰਾਤ | dough plate |

# ਪ੍ਰਸ਼ਨ ਤੇ ਉੱਤਰ (Questions & Answers)

In your exercise/note book, copy each question neatly and write the answers in complete sentences.

**A**

੧. ਘਰ ਕਿਸ ਨੂੰ ਕਹਿੰਦੇ ਹਨ ?

੨. ਪੰਜਾਬ ਵਿੱਚ ਘਰਾਂ ਦੇ ਫਰਸ਼ ਕਿਸ ਚੀਜ਼ ਨਾਲ ਬਣੇ ਹੁੰਦੇ ਹਨ ?

੩. ਪੰਜਾਬ ਵਿੱਚ ਘਰਾਂ ਦੀਆਂ ਛੱਤਾਂ ਕਿਹੋ ਜਿਹੀਆਂ ਹੁੰਦੀਆਂ ਹਨ ?

੪. ਘਰ ਦਾ ਸੱਭ ਤੋਂ ਜ਼ਰੂਰੀ ਕਮਰਾ ਕਿਹੜਾ ਹੁੰਦਾ ਹੈ ?

੫. ਰੋਟੀ ਬਣਾਨ ਲਈ ਕਿਹੜੀਆਂ ਚੀਜ਼ਾਂ ਜ਼ਰੂਰੀ ਹਨ ?

**B**

Copy the following sentences by filling in appropriate words from the text you have read:

੧. ਅਮੀਰ ਲੋਕ ਵੱਡੀਆਂ ਵੱਡੀਆਂ .........ਵਿੱਚ ਰਹਿੰਦੇ ਹਨ ਤੇ ਗਰੀਬ ਲੋਕ ਨਿੱਕੀਆਂ ਨਿੱਕੀਆਂ ............... ਵਿੱਚ ।

੨. ਇੰਗਲੈਂਡ ਵਿੱਚ ਬਾਹਰਲੀਆਂ ਕੰਧਾਂ ............ ਦੀਆਂ ਤੇ ਅੰਦਰਲੇ ਫਰਸ਼ ......... ਦੇ ਬਣੇ ਹੁੰਦੇ ਹਨ ।


੩. ਇੰਗਲੈਂਡ ਦੇ ਘਰਾਂ ਦੀਆਂ ............... ਲੱਕੜ ਤੇ ਟਾਈਲਾਂ ਨਾਲ ਬਣਦੀਆਂ ਹਨ ।

੪. ਰਸੋਈ ਵਿੱਚ ਕਈ ਪਰਕਾਰ ਦੇ ............... ਤੇ ਕਰੋਕਰੀ ਹੁੰਦੀ ਹੈ ।

੫. ਰਸੋਈ ਵਿੱਚ .................. ਦਾ ਕੰਮ ਹੁੰਦਾ ਹੈ ।


# ਬੁੱਝੋ ਮੈਂ ਕੌਣ ਹਾਂ ?

| | | | | |
|---|---|---|---|---|
| 1. ਮੈਂ ਜੰਗਲ ਦਾ ਰਾਜਾ ਹਾਂ । | | ਰ | * | * |
| 2. ਮੈਂ ਬਿੱਲੀ ਤੋਂ ਡਰਦਾ ਹਾਂ । | | ਹਾ | * | * |
| 3. ਮੈਨੂੰ ਲੋਕ ਮੀਂਹ ਪੈਣ ਵੇਲੇ ਵਰਤਦੇ ਹਨ । | | | ਰੀ | * |
| 4. ਮੈਂ ਇੱਕ ਫਲ ਹਾਂ । | ਸੰ | | ਰਾ | * |
| 5. ਮੈਂ ਬਹੁਤ ਤੇਜ਼ ਦੌੜ ਸਕਦਾ ਹਾਂ । | | ੜਾ | * | * |
| 6. ਮੈਂ ਪਤੀਲੇ ਦੇ ਉੱਤੇ ਬੈਠਦਾ ਹਾਂ । | ਢੱ | | ਣ | * |
| 7. ਮੈਂ ਸੂਈ ਦੇ ਨਾਲ ਨਾਲ ਚਲਦਾ ਹਾਂ । | | ਗਾ | * | * |
| 8. ਮੈਂ ਰੋਟੀ ਬਣਾਉਣ ਦੇ ਕੰਮ ਆਉਂਦਾ ਹਾਂ । | ਬੇ | | ਨਾ | * |
| 9. ਮੈਂ ਪਾਣੀ ਵਿੱਚ ਰਹਿੰਦੀ ਹਾਂ । | | ਛੀ | * | * |
| 10. ਲੋਕ ਮੈਨੂੰ ਸਰਦੀਆਂ ਵਿੱਚ ਹੱਥਾਂ ਤੇ ਪਾਉਂਦੇ ਹਨ । | ਦ | | ਤਾ | |
| 11. ਮੈਂ ਸਾਰੀ ਦੁਨੀਆਂ ਨੂੰ ਰੋਸ਼ਨੀ ਦਿੰਦਾ ਹਾਂ । | | | ਜ | * |
| 12. ਮੈਂ ਖੇਤਾਂ ਵਿੱਚ ਕੰਮ ਕਰਨ ਵਾਲੀ ਮਸ਼ੀਨ ਹਾਂ । | ਟ੍ਰੈ | | | ਰ |
| 13. ਮੈਂ ਹਰ ਕਮਰੇ ਅੱਗੇ ਖੜਾ ਹੁੰਦਾ ਹਾਂ । | ਦ | | ਵਾ | |
| 14. ਮੇਰਾ ਰੰਗ ਹਰਾ ਹੈ ਤੇ ਮੈਂ ਬਹੁਤ ਕੌੜੀ ਹਾਂ । | | | ਚ | * |
| 15. ਲੋਕ ਮੈਨੂੰ ਪੜ੍ਹਦੇ ਹਨ । | ਕਿ | | ਬ | * |



ਇੱਕ ਯੂਨੀਅਰ ਸਕੂਲ

ਪੰਜਾਬੀ ਪੜ੍ਹਦੇ ਬੱਚੇ



# ਸਕੂਲ ਤੇ ਕਲਾਸ-ਰੂਮ

## School & Classroom

ਪੰਜਾਬੀ ਵਿੱਚ ਸਕੂਲ ਨੂੰ ਪਾਠਸ਼ਾਲਾ ਵੀ ਕਹਿੰਦੇ ਹਨ । ਇਸ ਦਾ ਮਤਲਬ ਹੈ ਪੜ੍ਹਨ ਵਾਲੀ ਥਾਂ ਜਾਂ ਘਰ । ਛੋਟੇ ਬੱਚੇ ਪਰਾਇਮਰੀ ਸਕੂਲਾਂ ਵਿੱਚ ਪੜ੍ਹਦੇ ਹਨ ਤੇ ਵੱਡੇ ਬੱਚੇ ਹਾਈ ਸਕੂਲਾਂ ਵਿੱਚ । ਹਰ ਬੱਚੇ ਲਈ ਸਕੂਲ ਜਾਣਾ ਬਹੁਤ ਜ਼ਰੂਰੀ ਹੈ । ਛੋਟੇ ਬੱਚੇ ਪੜ੍ਹਨਾ ਲਿਖਣਾ ਤੇ ਗਿਣਨਾ ਆਮ ਕਰਕੇ ਸਕੂਲੋਂ ਹੀ ਸਿੱਖਦੇ ਹਨ ।

ਹਰ ਸਕੂਲ ਵਿੱਚ ਇੱਕ ਹੈੱਡ ਟੀਚਰ ਹੁੰਦਾ ਹੈ, ਜੋ ਮਰਦ ਜਾਂ ਇਸਤ੍ਰੀ ਕੋਈ ਵੀ ਹੋ ਸਕਦਾ ਹੈ । ਸਕੂਲ ਵਿੱਚ ਬਹੁਤ ਸਾਰੇ ਹੋਰ ਟੀਚਰ ਵੀ ਹੁੰਦੇ ਹਨ, ਜੋ ਵੱਖ ਵੱਖ ਕਲਾਸਾਂ ਵਿੱਚ ਬੱਚਿਆਂ ਨੂੰ ਪੜ੍ਹਾਉਂਦੇ ਹਨ । ਟੀਚਰ ਨੂੰ ਪੰਜਾਬੀ ਵਿੱਚ ਅਧਿਆਪਕ ਆਖਦੇ ਹਨ । ਲੇਡੀ ਟੀਚਰ ਨੂੰ ਅਧਿਆਪਕਾ ਕਹਿੰਦੇ ਹਨ । ਹਰ ਸਕੂਲ ਵਿੱਚ ਪੜ੍ਹਾਈ ਦੇ ਨਾਲ ਨਾਲ ਖੇਡਾਂ ਵੀ ਖਿਡਾਈਆਂ ਜਾਂਦੀਆਂ ਹਨ । ਆਮ ਕਰਕੇ ਮੁੰਡੇ ਫੁੱਟਬਾਲ ਖੇਡਣਾ ਬਹੁਤ ਪਸੰਦ ਕਰਦੇ ਹਨ ਤੇ ਕੁੜੀਆਂ ਨੈੱਟਬਾਲ ਜਾਂ ਐਸੀ ਕੋਈ ਹੋਰ ਖੇਡ । ਜੋ ਬੱਚੇ ਸਕੂਲ ਜਾਂਦੇ ਹਨ ਉਹ ਬਹੁਤ ਭਾਗਾਂ ਵਾਲੇ ਹਨ । ਕਿਉਂਕਿ ਕਈ ਗਰੀਬ ਦੇਸ਼ਾਂ ਵਿੱਚ ਸਾਰੇ ਬੱਚੇ ਸਕੂਲ ਨਹੀਂ ਜਾ ਸਕਦੇ । ਜੋ ਬੱਚੇ ਸਕੂਲ ਨਹੀਂ ਜਾਂਦੇ ਉਹ ਪੜ੍ਹਨਾ ਲਿਖਣਾ ਨਹੀਂ ਸਿੱਖ ਸਕਦੇ ।

ਹਰ ਸਕੂਲ ਵਿੱਚ ਵੱਖ ਵੱਖ ਕਲਾਸਰੂਮ ਹੁੰਦੇ ਹਨ । ਇੱਕ ਕਲਾਸਰੂਮ ਵਿੱਚ ਲੱਗ ਭੱਗ ਤੀਹ ਕੁ ਬੱਚੇ ਹੁੰਦੇ ਹਨ । ਇੱਕ ਅਧਿਆਪਕ ਇੱਕ ਕਲਾਸ ਦੀ ਦੇਖ ਭਾਲ ਕਰਦਾ ਹੈ । ਕਲਾਸਰੂਮ ਵਿੱਚ ਬੱਚਿਆਂ ਦੇ ਬੈਠਣ ਤੇ ਪੜ੍ਹਨ ਲਈ ਕੁਰਸੀਆਂ ਤੇ ਮੇਜ਼ ਹੁੰਦੇ ਹਨ । ਅਧਿਆਪਕ ਦੇ ਲਿਖਣ ਲਈ ਕੰਧ ਤੇ 'ਬਲੈਕ ਬੋਰਡ' ਹੁੰਦਾ ਹੈ । ਅੱਜ ਕੱਲ੍ਹ ਕਈ ਕਲਾਸਰੂਮਾਂ ਵਿੱਚ ਚਿੱਟੇ ਬੋਰਡ ਵੀ ਲੱਗੇ ਹੁੰਦੇ ਹਨ । ਕਈ ਗਰੀਬ ਦੇਸ਼ਾਂ ਦੇ ਸਕੂਲਾਂ ਵਿੱਚ ਬੱਚਿਆਂ ਦੇ ਬੈਠਣ ਲਈ ਮੇਜ਼ ਕੁਰਸੀਆਂ ਵੀ ਨਹੀਂ ਹੁੰਦੇ ।

| | | | |
|---|---|---|---|
| ਮਤਲਬ | meaning | ਗਿਣਨਾ | counting |
| ਜ਼ਰੂਰੀ | necessary | ਭਾਗਾਂ ਵਾਲੇ | lucky / fortunate |
| ਖੇਡਾਂ | games | ਲੱਗ ਭੱਗ | approximately |
| ਗਰੀਬ ਦੇਸ਼ | poor country | ਅਧਿਆਪਕ | teacher |
| ਦੇਖ ਭਾਲ | look after | ਚਿੱਟਾ | white |

## ਪ੍ਰਸ਼ਨ ਤੇ ਉੱਤਰ (Questions & Answers)

In your exercise/note book, copy each question neatly and write the answers in complete sentences.

**A**

੧. ਸਕੂਲ ਨੂੰ ਪੰਜਾਬੀ ਵਿੱਚ ਕੀ ਕਹਿੰਦੇ ਹਨ ?

੨. ਹਰ ਬੱਚੇ ਲਈ ਕੀ ਕਰਨਾ ਜ਼ਰੂਰੀ ਹੈ ?

੩. ਟੀਚਰ ਨੂੰ ਪੰਜਾਬੀ ਵਿੱਚ ਕੀ ਆਖਦੇ ਹਨ ?

੪. ਆਮ ਕਰਕੇ ਕੁੜੀਆਂ ਕਿਹੜੀਆਂ ਖੇਡਾਂ ਪਸੰਦ ਕਰਦੀਆਂ ਹਨ ?

੫. ਕਲਾਸਰੂਮ ਵਿੱਚ ਅਧਿਆਪਕ ਕਿਸ ਚੀਜ਼ ਤੇ ਲਿਖਦਾ ਹੈ ?

**B**

Copy the following sentences by filling in appropriate words from the text you have read:

੧. ਛੋਟੇ ਬੱਚੇ ਪੜ੍ਹਨਾ, ਲਿਖਣਾ ਤੇ .................. ਸਕੂਲੋਂ ਹੀ ਸਿੱਖਦੇ ਹਨ ।

੨. ਸਕੂਲ ਵਿੱਚ ਪੜ੍ਹਾਈ ਦੇ ਨਾਲ ਨਾਲ ...........ਵੀ ਖਿਡਾਈਆਂ ਜਾਂਦੀਆਂ ਹਨ ।

੩. ਜੋ ਬੱਚੇ ਸਕੂਲ ਜਾਂਦੇ ਹਨ ਉਹ ਬਹੁਤ ............... ਹੁੰਦੇ ਹਨ ।

੪. ਇੱਕ ਅਧਿਆਪਕ ਇੱਕ ਕਲਾਸ ਦੀ ............... ਕਰਦਾ ਹੈ ।


੫. ਕਈ ਗਰੀਬ ਦੇਸ਼ਾਂ ਦੇ ਸਕੂਲਾਂ ਵਿੱਚ ਬੱਚਿਆਂ ਦੇ ਬੈਠਣ ਲਈ .................. ਵੀ ਨਹੀਂ ਹੁੰਦੇ ।

# ਗਿਣਤੀ ਅਤੇ ਕ੍ਰਮਸੂਚਕ ਅੰਕ


## Numbers & Ordinals

| | | | | |
|---|---|---|---|---|
| ਇੱਕੀ ੨੧ 21 | ਸਵਾ | one and quarter | ਪਹਿਲਾ | 1st |
| ਬਾਈ ੨੨ 22 | ਡੇਢ | one and half | ਦੂਜਾ | 2nd |
| ਤੇਈ ੨੩ 23 | ਪੌਣਾ | three quarter | ਤੀਜਾ | 3rd |
| ਚੌਵੀ ੨੪ 24 | ਸਵਾ ਦੋ | two and quarter | ਚੌਥਾ | 4th |
| ਪੱਚੀ ੨੫ 25 | ਢਾਈ | two and a half | ਪੰਜਵਾਂ | 5th |
| ਛੱਬੀ ੨੬ 26 | ਪੌਣੇ ਤਿੰਨ | two and three quarter | ਛੇਵਾਂ | 6th |
| ਸਤਾਈ ੨੭ 27 | ਸਵਾ ਚਾਰ | four and quarter | ਸੱਤਵਾਂ | 7th |
| ਅਠਾਈ ੨੮ 28 | ਸਾਢੇ ਚਾਰ | four and a half | ਅੱਠਵਾਂ | 8th |
| ਉਨੱਤੀ ੨੯ 29 | ਪੰਜਾਹ | 50 | ਨੌਂਵਾਂ | 9th |
| ਤੀਹ ੩੦ 30 | ਸੱਤਰ | 70 | ਦਸਵਾਂ | 10th |
| ਇੱਕਤੀ ੩੧ 31 | ਅੱਸੀ | 80 | ਗਿਆਰਵਾਂ | 11th |
| ਬੱਤੀ ੩੨ 32 | ਨੱਬੇ | 90 | ਬਾਰਵਾਂ | 12th |
| ਤੇਤੀ ੩੩ 33 | ਸੌ | 100 | ਤੇਰਵਾਂ | 13th |
| ਚੌਤੀ ੩੪ 34 | ਹਜ਼ਾਰ | 1000 | ਬਾਈਵਾਂ | 22nd |
| ਪੈਂਤੀ ੩੫ 35 | ਲਖ | 100000 | ਤੇਈਵਾਂ | 23rd |

ਭੋਜਨ →


Orange Juice
Kroger
Kellogg's
CORN FLAKES
The Original & Best

ਫਲ →



ਸਬਜ਼ੀਆਂ →



# ਭੋਜਨ, ਫਲ ਅਤੇ ਸਬਜ਼ੀਆਂ

## Food, Fruit and Vegetables

ਖਾਣਾ ਖਾਣ ਨੂੰ ਭੋਜਨ ਕਰਨਾ ਵੀ ਆਖਦੇ ਹਾਂ । ਆਪਣੇ ਸਰੀਰ ਨੂੰ ਚਲਦਾ ਫਿਰਦਾ ਰੱਖਣ ਲਈ ਭੋਜਨ ਬਹੁਤ ਜ਼ਰੂਰੀ ਹੈ । ਭੋਜਨ ਤੋਂ *ਭੁੱਖਾ* ਬੰਦਾ ਕੋਈ ਕੰਮ ਚੰਗੀ ਤਰ੍ਹਾਂ ਨਹੀਂ ਕਰ ਸਕਦਾ । ਆਮ ਕਰਕੇ ਅਸੀਂ ਦਿਨ ਵਿੱਚ ਦੋ ਤਿੰਨ ਵਾਰ ਭੋਜਨ ਕਰਦੇ ਹਾਂ । ਅੰਗਰੇਜ਼ੀ ਵਿੱਚ ਸਵੇਰ ਦੇ ਖਾਣੇ ਨੂੰ 'ਬਰੇਕਫਾਸਟ' ਆਖਦੇ ਹਾਂ । ਦੁਪਹਿਰ ਦੇ ਖਾਣੇ ਨੂੰ 'ਲੰਚ' ਤੇ ਸ਼ਾਮ ਦੇ ਖਾਣੇ ਨੂੰ 'ਡਿਨਰ' ਕਹਿੰਦੇ ਹਨ । ਤੁਸੀਂ ਪੰਜਾਬੀ ਵਿੱਚ ਵੀ ਇਹੋ ਨਾਮ ਵਰਤ ਸਕਦੇ ਹੋ ।

*ਦੁੱਧ*, *ਦਹੀਂ*, *ਪਨੀਰ*, *ਅੰਡੇ*, *ਮਾਸ* ਤੇ *ਮੱਛੀ* ਸਾਡੇ ਭੋਜਨ ਦਾ *ਹਿੱਸਾ* ਹਨ । ਨਿੱਕੇ ਬੱਚੇ ਸੱਭ ਤੋਂ ਪਹਿਲਾਂ ਦੁੱਧ ਤੇ ਹੀ ਪਲਦੇ ਹਨ । ਦੁੱਧ ਸੱਭ ਤੋਂ ਚੰਗਾ ਭੋਜਨ ਹੈ । *ਪ੍ਰੰਤੂ* ਕਈ ਲੋਕ ਆਂਡੇ, ਮਾਸ ਤੇ ਮੱਛੀ ਆਦਿ ਨੂੰ ਖਾਣਾ ਪਸੰਦ ਨਹੀਂ ਕਰਦੇ । ਉਹ ਵੈਸ਼ਨੋ ਖਾਣਾ ਖਾਂਦੇ ਹਨ । ਅੰਗਰੇਜ਼ੀ ਵਿੱਚ ਵੈਸ਼ਨੋ ਨੂੰ 'ਵੈਜੀਟੇਰੀਅਨ' ਆਖਦੇ ਹਨ । ਇਹ ਦਾਲਾਂ ਤੇ ਸਬਜ਼ੀਆਂ ਆਦਿ ਦਾ ਬਣਿਆ ਹੁੰਦਾ ਹੈ । ਮਾਂਹ, ਮੂੰਗੀ, ਮਸਰ, ਮੋਠ ਆਦਿ ਸੱਭ ਦਾਲਾਂ ਹਨ । ਆਲੂ, ਗੋਭੀ, *ਮਟਰ*, *ਭਿੰਡੀ*, *ਗਾਜਰ*, *ਸ਼ਲਗਮ*, *ਬਤਾਂਊਂ* ਆਦਿ ਸੱਭ ਸਬਜ਼ੀਆਂ ਹਨ । ਇਹਨਾਂ ਤੋਂ ਬਿਨਾਂ ਚੌਲ, ਰੋਟੀ ਜਾਂ ਡਬਲ ਰੋਟੀ (bread) ਸਾਡੇ ਭੋਜਨ ਦਾ ਬਹੁਤ ਜ਼ਰੂਰੀ *ਅੰਗ* ਹਨ ।

ਇਸੇ ਤਰ੍ਹਾਂ ਕਈ ਤਰ੍ਹਾਂ ਦੇ ਫਲ ਵੀ ਸਾਡੇ ਭੋਜਨ ਦਾ ਹਿੱਸਾ ਹਨ । ਗਰਮ ਦੇਸਾਂ ਦੇ ਕੁਝ *ਪਰਸਿੱਧ* ਫਲ ਕੇਲਾ, ਅਨਾਨਾਸ, *ਅਮਰੂਦ*, ਅੰਬ ਤੇ ਅੰਗੂਰ ਹਨ । ਠੰਡੇ ਦੇਸਾਂ ਵਿੱਚ ਐਪਲ, ਪੇਅਰ, ਚੈਰੀ, ਪਲੱਮ ਆਦਿ ਵਧੇਰੇ ਹੁੰਦੇ ਹਨ । ਜਿਵੇਂ ਪੰਜਾਬ ਦੇ ਲੋਕ ਅੰਬ ਬਹੁਤ ਖਾਂਦੇ ਹਨ ਤਿਵੇਂ ਇੰਗਲੈਂਡ ਦੇ ਲੋਕ ਸੇਬ ਬਹੁਤ ਖਾਂਦੇ ਹਨ ।

| | | | |
|---|---|---|---|
| ਭੁੱਖਾ | hugry | ਆਂਡੇ | eggs |
| ਦੁੱਧ | milk | ਮਟਰ | pease |
| ਦਹੀਂ | yogurt | ਪਰਸਿੱਧ | famous/popular |
| ਪਨੀਰ | chese | ਅੰਗ/ ਹਿੱਸਾ | part |
| ਭਿੰਡੀ | okra | ਅੰਬ | mango |
| ਗਾਜਰ | carrot | ਸੰਤਰਾ | orange |
| ਦਾਲਾਂ | pulses | ਅੰਗੂਰ | grapes |
| ਮਾਸ | meat | ਅਮਰੂਦ | guava |
| ਮੱਛੀ | fish | ਸ਼ਲਗਮ | turnip |
| ਪ੍ਰੰਤੂ | but | ਬਤਾਂਊਂ | overgines |

# ਪ੍ਰਸ਼ਨ ਤੇ ਉੱਤਰ (Questions & Answers)

In your exercise/note book, copy each question neatly and write the answers in complete sentences.

**A**

੧. ਭੋਜਨ ਕਿਸ ਨੂੰ ਆਖਦੇ ਹਨ ?

੨. ਅਸੀਂ ਦਿਨ ਵਿੱਚ ਕਿੰਨੀ ਵਾਰ ਭੋਜਨ ਕਰਦੇ ਹਾਂ ?

੩. ਨਿੱਕੇ ਬੱਚੇ ਦਾ ਸੱਭ ਤੋਂ ਪਹਿਲਾ ਭੋਜਨ ਕੀ ਹੈ ?

੪. ਵੈਸ਼ਨੋ ਖਾਣਾ ਕਿਸ ਚੀਜ਼ ਦਾ ਬਣਿਆ ਹੁੰਦਾ ਹੈ ?

੫. ਗਰਮ ਦੇਸ਼ਾਂ ਦੇ ਚਾਰ ਪ੍ਰਸਿੱਧ ਫਲ ਕਿਹੜੇ ਹਨ ?

**B**

Copy the following sentences by filling in appropriate words from the text you have read:

੧. ਭੋਜਨ ਤੋਂ ............ ਬੰਦਾ ਕੋਈ ਕੰਮ ਚੰਗੀ ਤਰ੍ਹਾਂ ਨਹੀਂ ਕਰ ਸਕਦਾ ।

੨. ਦੁੱਧ ਸੱਭ ਤੋਂ ਚੰਗਾ ....................... ਹੈ ।

੩. ਅੰਗਰੇਜ਼ੀ ਵਿੱਚ ਵੈਸ਼ਨੋ ਨੂੰ ........................ ਆਖਦੇ ਹਨ ।

੪. ਮਾਂਹ, ਮੂੰਗੀ, ਮਸਰ, ਮੋਠ ਸੱਭ ..................... ਹਨ ।

੫. ਪੰਜਾਬੀ ਲੋਕ ਅੰਬ ਬਹੁਤ .................. ਖਾਂਦੇ ਹਨ ਤੇ ਇੰਗਲੈਂਡ ਦੇ ਲੋਕ ............... ਬਹੁਤ ਖਾਂਦੇ ਹਨ ।


# ਪੜਨਾਂਵ

## Pronouns


| 1st Person | | 2nd Person | | 3rd Person | |
|---|---|---|---|---|---|
| ਮੈਂ | I | ਤੂੰ | you | ਉਹ | he, she, it, they, those |
| ਮੇਰਾ | my | ਤੇਰਾ | your/s | ਉਨ੍ਹਾਂ ਨੂੰ | them |
| ਮੇਰੀ | my | ਤੇਰੀ | your/s | ਉਨ੍ਹਾਂ ਦਾ | their |
| ਮੇਰੇ | my | ਤੇਰੇ | your | ਉਨ੍ਹਾਂ ਦੀ | their |
| ਮੇਰਿਆਂ | my | ਤੇਰਿਆਂ | your | ਉਨ੍ਹਾਂ ਦੇ | their |
| ਮੇਰੀਆਂ | my | ਤੇਰੀਆਂ | your | ਉਨ੍ਹਾਂ ਦੀਆਂ | their |
| ਮੈਨੂੰ | (to) me | ਤੈਨੂੰ | (to) you | ਉਹਨੂੰ | him/her |
| ਅਸੀਂ | we | ਤੁਸੀਂ | you | ਉਸ ਨੂੰ | him/her |
| ਅਸਾਡਾ | our | ਤੁਹਾਡਾ | your | ਉਸ ਦਾ | his/her |
| ਅਸਾਡੇ | our | ਤੁਹਾਡੇ | your | ਉਸ ਦੀ | his/her |
| ਸਾਡੀ | our | ਤੁਹਾਡੀ | your/s | ਉਸ ਦੀ | his/her |
| ਸਾਨੂੰ | us | ਤੁਹਾਨੂੰ | you | ਉਸ ਦੀਆਂ | his/her |

# ਰੁੱਤਾਂ


## ਬਸੰਤ / ਬਹਾਰ




## ਗਰਮੀ



## ਪਤ-ਝੜ



## ਸਰਦੀ



# ਰੁੱਤਾਂ ਤੇ ਮਹੀਨੇ

## Seasons & Months

ਗਰਮੀ, ਸਰਦੀ, ਪੱਤਝੜ ਤੇ ਬਹਾਰ ਚਾਰ ਮੁੱਖ ਰੁੱਤਾਂ ਹਨ ।

ਬਹਾਰ ਦੀ ਰੁੱਤ ਨੂੰ ਬਸੰਤ ਰੁੱਤ ਵੀ ਆਖਿਆ ਜਾਂਦਾ ਹੈ । ਇਹ ਸਰਦੀ ਖਤਮ ਹੋਣ ਦੀ ਨਿਸ਼ਾਨੀ ਹੈ । ਬਹੁਤੇ ਦੇਸ਼ਾਂ ਵਿੱਚ ਮਾਰਚ, ਅਪਰੈਲ ਤੇ ਮਈ ਦੇ ਮਹੀਨੇ ਦਰਖਤਾਂ ਤੇ ਨਵੇਂ ਪੱਤੇ ਆਉਂਦੇ ਹਨ, ਫੁੱਲ ਖਿੜਦੇ ਹਨ ਤੇ ਲੋਕ ਪਾਰਕਾਂ ਵਿੱਚ ਘੁੰਮਣਾ ਫਿਰਨਾ ਪਸੰਦ ਕਰਦੇ ਹਨ ।

ਬਹਾਰ ਤੋਂ ਬਾਅਦ ਗਰਮੀ ਦੀ ਰੁੱਤ ਆਉਂਦੀ ਹੈ । ਦਿਨ ਹੋਰ ਵੱਡੇ ਹੁੰਦੇ ਹਨ ਤੇ ਰਾਤਾਂ ਛੋਟੀਆਂ । ਦਰਖਤਾਂ ਤੇ ਮਿੱਠੇ ਮਿੱਠੇ ਫਲ ਲੱਗਦੇ ਹਨ । ਖੇਤਾਂ ਵਿੱਚ ਫਸਲਾਂ ਪੱਕਦੀਆਂ ਹਨ । ਕਈ ਵੇਰ ਗਰਮੀਆਂ ਵਿੱਚ ਬੱਦਲ ਬਹੁਤ ਗਰਜਦਾ ਹੈ ਤੇ ਜ਼ੋਰ ਦਾ ਮੀਂਹ ਪੈਂਦਾ ਹੈ । ਜੂਨ, ਜੁਲਾਈ ਤੇ ਅਗੱਸਤ ਗਰਮੀ ਦੇ ਮਹੀਨੇ ਹਨ ।

ਗਰਮੀ ਦੀ ਰੁੱਤ ਤੋਂ ਬਾਅਦ ਪੱਤਝੜ ਦੀ ਰੁੱਤ ਆਉਂਦੀ ਹੈ । ਇਸ ਰੁੱਤ ਦੇ ਆਉਣ ਨਾਲ ਦਰਖਤਾਂ ਦੇ ਪੱਤੇ ਪੀਲੇ ਤੇ ਭੂਰੇ ਹੋ ਕੇ ਝੜਨ ਲਗਦੇ ਹਨ । ਇਸੇ ਕਰਕੇ ਇਸ ਰੁੱਤ ਦਾ ਨਾਮ 'ਪੱਤ-ਝੜ' ਰੱਖਿਆ ਗਿਆ ਹੈ । ਸਤੰਬਰ, ਅਕਤੂਬਰ ਤੇ ਨਵੰਬਰ ਦੇ ਮਹੀਨੇ ਪੱਤਝੜ ਰੁੱਤ ਦੇ ਮਹੀਨੇ ਹਨ । ਇਹਨਾਂ ਮਹੀਨਿਆਂ ਵਿੱਚ ਦਿਨ ਘਟਣੇ ਸ਼ੁਰੂ ਹੁੰਦੇ ਹਨ ਤੇ ਰਾਤਾਂ ਵਧਣ ਲੱਗਦੀਆਂ ਹਨ । *ਪ੍ਰੰਤੂ ਆਸਟ੍ਰੇਲੀਆ ਵਰਗੇ ਦਖਣੀ ਦੇਸ਼ਾਂ ਵਿੱਚ ਮੌਸਮ ਇਸ ਤੋਂ ਉਲਟ ਹੁੰਦਾ ਹੈ ।*

ਪੱਤਝੜ ਦੀ ਰੁੱਤ ਖਤਮ ਹੋਣ ਨਾਲ ਸਰਦੀ ਦੀ ਰੁੱਤ ਸ਼ੁਰੂ ਹੁੰਦੀ ਹੈ । ਦਸੰਬਰ, ਜਨਵਰੀ ਤੇ ਫਰਵਰੀ ਤਕ ਖੂਬ ਸਰਦੀ ਪੈਂਦੀ ਹੈ । ਕਈ ਥਾਵਾਂ ਤੇ ਬਰਫ ਵੀ ਕਾਫੀ ਪੈਂਦੀ ਹੈ । ਘਰ, ਸੜਕਾਂ, ਦਰਖਤ ਸਭ ਬਰਫ ਨਾਲ ਚਿੱਟੇ ਹੋ ਜਾਂਦੇ ਹਨ । ਲੋਕੀਂ ਲੰਬੇ ਲੰਬੇ ਗਰਮ ਕੋਟ ਪਾ ਕੇ ਘਰੋਂ ਬਾਹਰ ਨਿਕਲਦੇ ਹਨ । ਹੱਥਾਂ ਵਿੱਚ ਦਸਤਾਨੇ ਤੇ ਪੈਰਾਂ ਵਿੱਚ ਗਰਮ ਜੁਰਾਬਾਂ ਪਾਣ ਦੀ ਲੋੜ ਪੈਂਦੀ ਹੈ । ਸਰਦੀ ਦੀ ਰੁੱਤ ਵਿੱਚ ਕਈ ਬੱਚੇ ਬਰਫ ਤੇ ਖੇਡਣਾ ਜਾਂ ਤਿਲਕਣਾ ਵੀ ਪਸੰਦ ਕਰਦੇ ਹਨ । ਪ੍ਰੰਤੂ ਹਰ ਕੋਈ ਇਹ ਹੀ ਚਾਹੁੰਦਾ ਹੈ ਕਿ ਇਹ ਰੁੱਤ ਛੇਤੀ ਖਤਮ ਹੋਵੇ ।

| | | | |
|---|---|---|---|
| ਨਿਸ਼ਾਨੀ | sign | ਵਧਣੇ | increase |
| ਫਸਲਾਂ | crops | ਪੱਤਝੜ | autumn |
| ਬਹਾਰ | spring | ਭੂਰੇ | brown |
| ਗਰਜਣਾ | thunder | ਖੂਬ | enough |
| ਘਟਣੇ | decrease | ਤਿਲਕਣਾ | slide |

# ਪ੍ਰਸ਼ਨ ਤੇ ਉੱਤਰ (Questions & Answers)

In your exercise/note book, copy each question neatly and write the answers in complete sentences.

**A**

੧. ਚਾਰ ਮੁੱਖ ਰੁੱਤਾਂ ਕਿਹੜੀਆਂ ਕਿਹੜੀਆਂ ਹਨ ?

੨. ਬਹਾਰ ਦੀ ਰੁੱਤ ਵਿੱਚ ਲੋਕ ਕੀ ਕਰਨਾ ਪਸੰਦ ਕਰਦੇ ਹਨ ?

੩. ਗਰਮੀਆਂ ਦੀ ਰੁੱਤ ਦੇ ਮਹੀਨੇ ਕਿਹੜੇ ਹਨ ?

੪. ਪੱਤਝੜ ਦੀ ਰੁੱਤ ਦਾ ਨਾਮ ਕਿਵੇਂ ਰੱਖਿਆ ਗਿਆ ?

੫. ਸਰਦੀਆਂ ਦੀ ਰੁੱਤ ਵਿੱਚ ਬੱਚੇ ਕੀ ਕਰਨਾ ਪਸੰਦ ਕਰਦੇ ਹਨ ?

**B**

Copy the following sentences by filling in appropriate words from the text you have read:

੧. ਬਹਾਰ ਦੀ ਰੁੱਤ ਸਰਦੀ ਖਤਮ ਹੋਣ ਦੀ ................. ਹੈ ।

੨. ਬਹਾਰ ਦੀ ਰੁੱਤ ਤੋਂ ਬਾਅਦ ................. ਦੀ ਰੁੱਤ ਆਉਂਦੀ ਹੈ ।

੩. ਪੱਤਝੜ ਦੇ ਮਹੀਨਿਆਂ ਵਿੱਚ ................. ਘਟਣੇ ਸ਼ੁਰੂ ਹੁੰਦੇ ਹਨ ਤੇ ਰਾਤਾਂ .................... ਲਗਦੀਆਂ ਹਨ ।


੪. ਪੱਤਝੜ ਦੀ ਰੁੱਤ ..................ਹੋਣ ਨਾਲ ਸਰਦੀ ਦੀ .............. ਸ਼ੁਰੂ ਹੁੰਦੀ ਹੈ ।

੫. ਹਰ ਕੋਈ ਚਾਹੁੰਦਾ ਹੈ ਕਿ .............. ਦੀ ਰੁੱਤ ਛੇਤੀ ਖਤਮ ਹੋਵੇ ।

# ਵਿਸ਼ੇਸ਼ਣ ਅਤੇ ਵਿਰੋਧ ਅਰਥੀ ਸ਼ਬਦ
## Adjectives & Antonyms

| | | | | | |
|---|---|---|---|---|---|
| ਅਮੀਰ | rich | ਸਸਤਾ | cheap | ਲੰਬਾ | tall |
| ਗਰੀਬ | poor | ਮਹਿੰਗਾ | costly | ਮਧਰਾ | short |
| ਝੂਠਾ | liar | ਖੁਸ਼ | happy | ਬੁਰਾ/ਭੈੜਾ | bad |
| ਸੱਚਾ | true | ਗੁੱਸੇ | angry | ਚੰਗਾ | good |
| ਛੋਟਾ | small | ਸੁਸਤ | lazy | ਤਕੜਾ | strong |
| ਵੱਡਾ | big | ਚੁਸਤ | active | ਮਾੜਾ/ਕਮਜ਼ੋਰ | weak |
| ਪੁਰਾਣਾ | old | ਹੌਲਾ | light | ਬਹਾਦਰ | brave |
| ਨਵਾਂ | new | ਭਾਰੀ | heavy | ਡਰਪੋਕ | coward |
| ਬੁੱਢਾ | old | ਸੁੱਕਾ | dry | ਪਤਲਾ | thin |
| ਜਵਾਨ | young | ਗਿੱਲਾ | wet | ਮੋਟਾ | fat/thick |
| ਗਰਮ | hot | ਨਰਮ | soft | ਖੱਟਾ | sour |
| ਠੰਡਾ | cold | ਸਖਤ | hard | ਮਿੱਠਾ | sweet |
| ਸਾਫ | clean | ਗੂੜ੍ਹਾ | dark (colour) | ਕੌੜਾ | bitter |
| ਮੈਲਾ | dirty | ਫਿੱਕਾ | light (colour) | ਚਲਾਕ | clever |




ਨੀਲਾ
ਕਾਲਾ
ਲਾਲ
ਪੀਲਾ
ਹਰਾ

# ਰੰਗ, ਫੁੱਲ ਤੇ ਝੰਡੇ

## Colour, Flower & Flags

ਰੰਗਾਂ ਅਤੇ ਫੁੱਲਾਂ ਦਾ ਬੜਾ *ਗੂੜ੍ਹਾ ਸਬੰਧ* ਹੈ । ਜਦੋਂ ਵੀ ਅਸੀਂ ਫੁੱਲਾਂ ਦੀ ਗੱਲ ਕਰਦੇ ਹਾਂ ਤਾਂ ਉਨ੍ਹਾਂ ਦੇ ਰੰਗ ਸਾਡੇ ਸਾਹਮਣੇ ਪਹਿਲਾਂ ਆ ਜਾਂਦੇ ਹਨ । ਇਸੇ ਤਰ੍ਹਾਂ ਵੱਖ ਵੱਖ ਦੇਸ਼ਾਂ ਦੇ ਝੰਡੇ ਵੀ ਵੱਖ ਵੱਖ ਰੰਗਾਂ ਨਾਲ *ਸਜੇ ਹੁੰਦੇ ਹਨ ।*

ਕਾਲੇ ਅਤੇ ਚਿੱਟੇ ਤੋਂ ਬਿਨਾਂ ਚਾਰ ਮੁੱਖ ਰੰਗ ਇਹ ਹਨ – *ਨੀਲਾ*, ਪੀਲਾ, *ਹਰਾ* ਤੇ *ਲਾਲ* । ਇਹਨਾਂ ਰੰਗਾਂ ਨੂੰ ਇੱਕ ਦੂਜੇ ਵਿੱਚ ਮਿਲਾ ਕੇ ਅੱਗੋਂ ਕਈ ਹੋਰ ਰੰਗ ਵੀ ਬਣ ਸਕਦੇ ਹਨ । ਸੱਭ ਤੋਂ ਸੋਹਣੇ ਰੰਗ ਫੁੱਲਾਂ ਦੇ ਹੁੰਦੇ ਹਨ । ਗੁਲਾਬ ਦੇ ਫੁੱਲ ਨੂੰ ਫੁੱਲਾਂ ਦਾ *ਸਰਦਾਰ* ਮੰਨਿਆ ਜਾਂਦਾ ਹੈ । ਗੁਲਾਬ ਦੇ ਫੁੱਲ ਦਾ ਰੰਗ ਗੁਲਾਬੀ ਹੁੰਦਾ ਹੈ । ਅੰਗਰੇਜ਼ੀ ਵਿੱਚ ਗੁਲਾਬੀ ਰੰਗ ਨੂੰ 'ਪਿੰਕ' ਆਖਦੇ ਹਨ । ਪ੍ਰੰਤੂ ਗੁਲਾਬ ਦੇ ਵਧੇਰੇ ਫੁੱਲ ਲਾਲ ਰੰਗ ਦੇ ਹੀ ਹੁੰਦੇ ਹਨ । ਕੁਝ ਗੁਲਾਬਾਂ ਦੇ ਰੰਗ ਚਿੱਟੇ ਤੇ ਪੀਲੇ ਰੰਗ ਦੇ ਵੀ ਹੁੰਦੇ ਹਨ ।

ਫੁੱਲਾਂ ਵਾਂਗ ਵੱਖ ਵੱਖ ਦੇਸ਼ਾਂ ਦੇ ਝਮਡੇ ਵੀ ਬੜੇ *ਰੰਗ ਬਰੰਗੇ* ਹੁੰਦੇ ਹਨ । ਭਾਰਤ ਦੇ ਝੰਡੇ ਦੇ ਤਿੰਨ ਰੰਗ ਹਨ – ਹਰਾ, ਚਿੱਟਾ ਤੇ ਕੇਸਰੀ । ਕੇਸਰੀ ਰੰਗ 'ਯੈਲੋ' ਨਾਲੋਂ ਗੂੜ੍ਹਾ ਤੇ 'ਔਰੈਂਜ' ਨਾਲੋਂ ਫਿੱਕਾ ਹੁੰਦਾ ਹੈ । 'ਯੈਲੋ' ਪੀਲਾ ਰੰਗ ਹੈ ਤੇ 'ਔਰੈਂਜ' ਨੂੰ ਸੰਤਰੀ ਰੰਗ ਆਖਦੇ ਹਾਂ । ਬਰਤਾਨੀਆ ਦੇ ਝੰਡੇ ਦੇ ਤਿੰਨ ਰੰਗ ਹਨ – ਨੀਲਾ, ਲਾਲ ਤੇ ਚਿੱਟਾ । ਉਲਿੰਪਕ ਖੇਡਾਂ ਦੇ ਝੰਡੇ ਵਿੱਚ ਪੰਜ ਰੰਗਾਂ ਦੇ ਪੰਜ *ਚੱਕਰ* ਬਣਾਏ ਹੁੰਦੇ ਹਨ । ਇਹਨਾਂ ਚੱਕਰਾਂ ਦੇ ਰੰਗ ਇਹ ਹਨ – ਨੀਲਾ, ਪੀਲਾ, ਕਾਲਾ, ਹਰਾ, ਤੇ ਲਾਲ ।

| | |
|---|---|
| ਗੂੜ੍ਹਾ ਸਬੰਧ | deep relation |
| ਸਾਹਮਣੇ | in front of |
| ਸਜੇ ਹੁੰਦੇ ਹਨ | decorated |
| ਨੀਲਾ | blue |
| ਹਰਾ | green |
| ਲਾਲ | red |
| ਸਰਦਾਰ | leader / head |
| ਰੰਗ ਬਰੰਗੇ | multi-coloured |
| ਚੱਕਰ | circle |

# ਪ੍ਰਸ਼ਨ ਤੇ ਉੱਤਰ (Questions & Answers)

In your exercise/note book, copy each question neatly and write the answers in complete sentences.

**A**

੧. ਜਦੋਂ ਅਸੀਂ ਫੁੱਲਾਂ ਦੀ ਗੱਲ ਕਰਦੇ ਹਾਂ ਤਾਂ ਸਾਡੇ ਸਾਹਮਣੇ ਸਭ ਤੋਂ ਪਹਿਲਾਂ ਕੀ ਆ ਜਾਂਦਾ ਹੈ ?

੨. ਚਿੱਟੇ ਤੇ ਕਾਲੇ ਰੰਗ ਤੋਂ ਬਿਨਾਂ ਹੋਰ ਚਾਰ ਮੁੱਖ ਰੰਗ ਕਿਹੜੇ ਕਿਹੜੇ ਹਨ ?

੩. ਕਿਹੜੇ ਫੁੱਲ ਨੂੰ ਫੁੱਲਾਂ ਦਾ ਸਰਦਾਰ ਮੰਨਿਆ ਗਿਆ ਹੈ ?

੪. ਭਾਰਤ ਦੇ ਝੰਡੇ ਵਿੱਚ ਕਿਹੜੇ ਕਿਹੜੇ ਰੰਗ ਹਨ ?

੫. ਬਰਤਾਨੀਆ ਦੇ ਝੰਡੇ ਦੇ ਤਿੰਨ ਰੰਗ ਕਿਹੜੇ ਕਿਹੜੇ ਹਨ ?

**B**

Copy the following sentences by filling in appropriate words from the text you have read:

੧. ਰੰਗਾਂ ਤੇ ਫੁੱਲਾਂ ਦਾ ਬੜਾ ਗੂੜ੍ਹਾ ........... ਹੈ ।

੨. ਵੱਖ ਵੱਖ ਦੇਸ਼ਾਂ ਦੇ ਝੰਡੇ ਵੀ ਬੜੇ ..................... ਹੁੰਦੇ ਹਨ ।

੩. ਗੁਲਾਬ ਦੇ ਫੁੱਲ ਦਾ ........... ਗੁਲਾਬੀ ਹੁੰਦਾ ਹੈ ।

੪. ਕੁਝ ਗੁਲਾਬਾਂ ਦੇ ਫੁੱਲ ਚਿੱਟੇ ਤੇ ........... ਰੰਗ ਦੇ ਵੀ ਹੁੰਦੇ ਹਨ ।

੫. ਕੇਸਰੀ ਰੰਗ ਯੈਲੋ ਨਾਲੋਂ ............... ਹੁੰਦਾ ਹੈ, ਤੇ ਔਰੈਂਜ ਨਾਲੋਂ ........... ਹੁੰਦਾ ਹੈ ।

**C**


**Task:-** ਉਲਿੰਪਕ ਖੇਡਾਂ ਦਾ ਝੰਡਾ ਬਣਾ ਕੇ ਉਸ ਵਿੱਚ ਹਰ ਚੱਕਰ ਦੇ ਰੰਗ ਦਾ ਨਾਮ ਅੰਗਰੇਜ਼ੀ ਅਤੇ ਪੰਜਾਬੀ ਵਿੱਚ ਲਿਖੋ ।

# ਦੋ ਬਿੱਲੀਆਂ ਤੇ ਇੱਕ ਬਾਂਦਰ

## Two Cats and a Monkey

ਇੱਕ ਵੇਰ ਦੋ ਬਿੱਲੀਆਂ ਨੂੰ ਇੱਕ ਰੋਟੀ ਲੱਭੀ । ਉਹ ਦੋਵੇਂ ਆਪਸ ਵਿੱਚ ਲੜ ਪਈਆਂ । ਇੱਕ ਕਹੇ ਮੈਂ ਸਾਰੀ ਖਾਣੀ ਹੈ ਤੇ ਦੂਜੀ ਕਹੇ ਮੈਂ ਖਾਣੀ ਹੈ । ਇਤਨੇ ਨੂੰ ਇੱਕ ਬਾਂਦਰ ਉੱਥੋਂ ਦੀ ਲੰਘ ਰਿਹਾ ਸੀ । ਬਾਂਦਰ ਬਿੱਲੀਆਂ ਨੂੰ ਦੇਖ ਕੇ ਖੜੋ ਗਿਆ ਤੇ ਪੁੱਛਣ ਲੱਗਾ, "ਭੈਣੋ, ਤੁਸੀਂ ਕਿਉਂ ਲੜਦੀਆਂ ਹੋ ?" ਬਿੱਲੀਆਂ ਨੇ ਬਾਂਦਰ ਨੂੰ ਸਾਰੀ ਗੱਲ ਦੱਸੀ । ਬਾਂਦਰ ਕਹਿਣ ਲੱਗਾ , " ਬਸ ਐਨੀ ਹੀ ਗੱਲ ਹੈ । ਤੁਸੀਂ ਤਾਂ ਚੰਗੀਆਂ ਭੈਣਾਂ ਹੋ, ਆਹ ਵੇਖੋ ਮੇਰੇ ਪਾਸ ਇੱਕ ਤੱਕੜੀ ਹੈ । ਮੈਂ ਇੱਕੋ ਜਿਹੀ ਰੋਟੀ ਵੰਡ ਕੇ ਦੋਹਾਂ ਨੂੰ ਦੇ ਦਿੰਦਾ ਹਾਂ ।" ਬਿੱਲੀਆਂ ਮੰਨ ਗਈਆਂ ਤੇ ਰੋਟੀ ਬਾਂਦਰ ਨੂੰ ਦੇ ਦਿੱਤੀ ।

ਬਾਂਦਰ ਨੇ ਰੋਟੀ ਦੇ ਦੋ ਟੁਕੜੇ ਕੀਤੇ ਤੇ ਆਪਣੀ ਤੱਕੜੀ ਦੇ ਪਲੜਿਆਂ ਵਿੱਚ ਰੱਖ ਦਿੱਤੇ । ਫਿਰ ਜਿਹੜਾ ਪਾਸਾ ਭਾਰੀ ਸੀ ਉਸ ਵਿੱਚੋਂ ਇੱਕ ਬੁਰਕੀ ਤੋੜ ਕੇ ਆਪਣੇ ਮੂੰਹ ਵਿੱਚ ਪਾ ਲਈ । ਪਰ ਹੁਣ ਦੂਜਾ ਪਲੜਾ ਭਾਰੀ ਹੋ ਗਿਆ । ਬਾਂਦਰ ਨੇ ਫਿਰ ਉਸ ਵਿੱਚੋਂ ਵੀ ਇੱਕ ਬੁਰਕੀ ਤੋੜ ਕੇ ਆਪਣੇ ਮੂੰਹ ਵਿੱਚ ਪਾ ਲਈ । ਇਸ ਤਰ੍ਹਾਂ ਜਦੋਂ ਬਾਂਦਰ ਇੱਕ ਪਲੜੇ 'ਚੋਂ ਬੁਰਕੀ ਤੋੜ ਕੇ ਖਾਂਦਾ ਤਾਂ ਦੂਜਾ ਪਾਸਾ ਭਾਰੀ ਹੋ ਜਾਂਦਾ । ਤਿੰਨ ਚਾਰ ਵਾਰ ਬਾਂਦਰ ਨੇ ਇਸੇ ਹੀ ਤਰ੍ਹਾਂ ਕੀਤਾ ਤੇ ਹੌਲੀ ਹੌਲੀ ਸਾਰੀ ਰੋਟੀ ਆਪ ਹੀ ਖਾ ਗਿਆ । ਬਿੱਲੀਆਂ ਉਸ ਦੇ ਮੂੰਹ ਵਲ ਦੇਖਦੀਆਂ ਰਹਿ ਗਈਆਂ । ਉਹਨਾਂ ਨੂੰ ਕੁਝ ਵੀ ਨਾ ਮਿਲਿਆ ।



ਬਾਂਦਰ ਤੱਕੜੀ ਨਾਲ ਰੋਟੀ ਨੂੰ ਤੋਲਦਾ ਹੋਇਆ

# ਪ੍ਰਸ਼ਨ ਤੇ ਉੱਤਰ (Questions & Answers)

In your exercise/note book, copy each question neatly and write the answers in complete sentences.

**A**

੧. ਬਿੱਲੀਆਂ ਕਿਉਂ ਲੜਦੀਆਂ ਸਨ ?

੨. ਉੱਥੋਂ ਦੀ ਕੌਣ ਲੰਘ ਰਿਹਾ ਸੀ ?

੩. ਉਸ ਦੇ ਪਾਸ ਕੀ ਸੀ ?

੪. ਬਾਂਦਰ ਨੇ ਰੋਟੀ ਦਾ ਕੀ ਕੀਤਾ ?

੫. ਬਿੱਲੀਆਂ ਨੂੰ ਕੀ ਮਿਲਿਆ ?

**B**

Copy the following sentences by filling in appropriate words from the text you have read:

੧. ਬਿੱਲੀਆਂ ਨੇ ਬਾਂਦਰ ਨੂੰ ਸਾਰੀ ................ ਦੱਸੀ ।

੨. ਬਾਂਦਰ ਨੇ ਕਿਹਾ, "ਮੈਂ ਇੱਕੋ ਜਿਹੀ .................... ਵੰਡ ਕੇ ਦੋਹਾਂ ਨੂੰ ਦੇ ............ ਹਾਂ ।"

੩. ਬਾਂਦਰ ਨੇ ਰੋਟੀ ਦੇ ਦੋ ............... ਕੀਤੇ ਤੇ ਆਪਣੀ ਤੱਕੜੀ ਵਿੱਚ ............ ਦਿੱਤੇ ।

੪. ਬਾਂਦਰ ਨੇ ਜਿਹੜਾ ਪਲੜਾ ................. ਸੀ ਉਸ ਵਿੱਚੋਂ ਇੱਕ ............ ਤੋੜ ਕੇ ਖਾ ਲਈ ।

੫. ਬਾਂਦਰ ਹੌਲੀ ਹੌਲੀ ਸਾਰੀ ................ ਆਪ ਹੀ ਖਾ ਗਿਆ ।

# ਕਿਰਿਆ

## Verbs

| | | |
|---|---|---|
| ਖਾਣਾ to eat | ਸੁਣਨਾ to listen | ਭੇਜਣਾ to send |
| ਪੀਣਾ to drink | ਬੋਲਣਾ to speak | ਮੰਗਾਉਣਾ to fetch |
| ਸੌਣਾ to sleep | ਜਿਤਣਾ to win | ਤੁਰਨਾ/ਚਲਣਾ to walk |
| ਜਾਗਣਾ to wake up | ਹਾਰਨਾ to lose | ਠਹਿਰਨਾ to stop |
| ਪੜ੍ਹਨਾ to read | ਲੈ ਜਾਣਾ to take | ਬਣਾਉਣਾ to make |
| ਲਿਖਣਾ to write | ਲਿਆਉਣਾ to bring | ਤੋੜਨਾ to break |
| ਰੋਣਾ to cry | ਚੁਕਣਾ to pick | ਕੱਟਣਾ to cut |
| ਹਸਣਾ to laugh | ਰੱਖਣਾ to put | ਪਕਾਉਣਾ to cook |
| ਉਠਣਾ to get up | ਭੁਲਣਾ to forget | ਧੋਣਾ to wash |
| ਲੇਟਣਾ to lie down | ਯਾਦ ਕਰਨਾ to remember | ਸਾਫ ਕਰਨਾ to clean |
| ਖਵੋਣਾ to stand up | ਦੇਣਾ to give | ਖੇਡਣਾ to play |
| ਬੈਠਣਾ to sit | ਲੈਣਾ to take | ਕੁਦਣਾ to jump |
| ਨਚਣਾ to dance | ਧੱਕਣਾ to push | ਦੌੜਨਾ/ਭਜਣਾ to run |
| ਗਾਉਣਾ to sing | ਖਿਚਣਾ to pull | ਦੇਖਣਾ to see |

# ਲੂੰਬੜ ਅਤੇ ਕਾਂ


## A Fox and a Crow

ਇੱਕ ਵਾਰ ਇੱਕ ਕਾਂ ਨੂੰ ਇੱਕ ਰੋਟੀ ਦਾ ਟੁਕੜਾ ਲੱਭਿਆ । ਉਸ ਨੇ ਸੋਚਿਆ ਕਿ ਚਲੋ ਕਿਸੇ ਦਰਖਤ ਤੇ ਬੈਠ ਕੇ ਰੋਟੀ ਖਾਦੇ ਹਾਂ । ਉਹ ਉਡਦਾ ਉਡਦਾ ਇੱਕ ਦਰਖਤ ਤੇ ਆ ਬੈਠਾ । ਦਰਖਤ ਦੇ ਹੇਠਾਂ ਇੱਕ ਲੂੰਬੜ ਬੈਠਾ ਸੀ । ਲੂੰਬੜ ਨੂੰ ਵੀ ਭੁੱਖ ਲੱਗੀ ਹੋਈ ਸੀ । ਉਸ ਨੇ ਚਾਹਿਆ ਕਿ ਕਾਂ ਦੀ ਰੋਟੀ ਉਸ ਨੂੰ ਮਿਲ ਜਾਵੇ ।

ਉਸ ਨੂੰ ਇੱਕ ਤਰਕੀਬ ਸੁੱਝੀ । ਲੂੰਬੜ ਨੇ ਕਾਂ ਨੂੰ ਕਿਹਾ, "ਤੇਰਾ ਰੰਗ ਕਿੰਨਾ ਚਮਕਦਾ ਹੈ ਤੇ ਤੂੰ ਧੁੱਪ ਵਿੱਚ ਕਿੰਨਾ ਸੁਹਣਾ ਲੱਗਦਾ ਹੈਂ । ਤੂੰ ਗਾਉਂਦਾ ਵੀ ਬਹੁਤ ਸੁਹਣਾ ਹੈਂ । ਅੱਜ ਤੇਰਾ ਗਾਣਾ ਸੁਣਨ ਨੂੰ ਮੇਰਾ ਬਹੁਤ ਜੀਅ ਕਰਦਾ ਹੈ । ਅੱਜ ਤੂੰ ਆਪਣਾ ਗਾਣਾ ਮੈਨੂੰ ਜ਼ਰੂਰ ਸੁਣਾ ਦੇ ।"

ਕਾਂ ਆਪਣੀ ਸਿਫਤ ਸੁਣ ਕੇ ਬਹੁਤ ਖੁਸ਼ ਹੋਇਆ । ਉਸ ਨੇ ਝੱਟ ਗਾਣ ਦੀ ਕੋਸ਼ਸ਼ ਕੀਤੀ । ਕਾਂ ਨੇ ਗਾਣਾ ਗਾਉਣ ਲਈ ਆਪਣਾ ਮੂੰਹ ਖੋਲ੍ਹਿਆ । ਰੋਟੀ ਦਾ ਟੁਕੜਾ ਉਸ ਦੇ ਮੂੰਹ 'ਚੋਂ ਨਿਕਲ ਕੇ ਥੱਲੇ ਡਿਗ ਪਿਆ। ਲੂੰਬੜ ਨੇ ਇੱਕ ਦਮ ਉਹ ਟੁਕੜਾ ਚੁਕ ਕੇ ਖਾ ਲਿਆ । ਫਿਰ ਲੂੰਬੜ ਨੇ ਕਾਂ ਕਾਂ ਕਰਦੇ ਕਾਂ ਨੂੰ ਕਿਹਾ, "ਭਾਈ ਕਾਂ, ਲੱਗਦਾ ਹੈ ਅੱਜ ਤੇਰਾ ਗਲਾ ਖਰਾਬ ਹੋਇਆ ਹੋਇਆ ਹੈ । ਮੈਂ ਫੇਰ ਕਿਸੇ ਦਿਨ ਤੇਰਾ ਗਾਣਾ ਸੁਣਾਂਗਾ ।"

| | | | |
|---|---|---|---|
| ਰੋਟੀ | Roti / bread | ਤਰਕੀਬ | a plan |
| ਟੁਕੜਾ | piece | ਸੁੱਝੀ | thought of |
| ਲੱਭਿਆ | found | ਚਮਕਦਾ | shining |
| ਸੋਚਿਆ | thought | ਸਿਫਤ | praise |
| ਲੱਗਦਾ ਹੈ | it seems | ਕੋਸ਼ਸ਼ | try |
| ਫੇਰ | again | ਗਲਾ | throat |
| ਚਾਹਿਆ | wished / wanted | ਖਰਾਬ | bad |



# ਪ੍ਰਸ਼ਨ ਤੇ ਉੱਤਰ (Questions & Answers)

In your exercise/note book, copy each question neatly and write the answers in complete sentences.

**A**

੧. ਕਾਂ ਨੂੰ ਕੀ ਲੱਭਿਆ ਸੀ ?

੨. ਉਹ ਦਰਖਤ ਤੇ ਕੀ ਕਰਨ ਗਿਆ ਸੀ ?

੩. ਦਰਖਤ ਥੱਲੇ ਕੌਣ ਸੀ ?

੪. ਲੂੰਬੜ ਨੇ ਕਾਂ ਨੂੰ ਕੀ ਕਿਹਾ ?

੫. ਫਿਰ ਕਾਂ ਨੇ ਕੀ ਕੀਤਾ ?

**B**

Copy the following sentences by filling in appropriate words from the text you have read:

੧. ਲੂੰਬੜ ਨੂੰ ਬਹੁਤ .......................... ਲੱਗੀ ਹੋਈ ਸੀ ।

੨. ਕਾਂ ਆਪਣੀ .............. ਸੁਣ ਕੇ ਬਹੁਤ ................ ਹੋਇਆ ।

੩. ਕਾਂ ਨੇ ਗਾਣਾ ...............ਲਈ ਆਪਣਾ .................. ਖੋਲ੍ਹਿਆ ।


੪. ਲੂੰਬੜ ਨੇ ਰੋਟੀ ਦਾ ...............ਚੁਕ ਕੇ ................ ਲਿਆ ॥

੫. ਲੂੰਬੜ ਨੇ ਕਿਹਾ, “ ਭਾਈ ਕਾਂ, ਅੱਜ ਤੇਰਾ ................ ਖਰਾਬ ਹੈ । ਮੈਂ ਫੇਰ ਕਿਸੇ ਦਿਨ ਤੇਰਾ ................ ਸੁਣਾਂਗਾ ।

# ਕਿਰਿਆ-ਵਿਸ਼ੇਸ਼ਣ

## Adverbs

| | | | | | |
|---|---|---|---|---|---|
| ਇੱਥੇ | here | ਹੇਠੋਂ | from below | ਚਾਰੇ ਪਾਸੇ | all-round |
| ਉੱਥੇ | there | ਹੁਣ | now | ਜਿਵੇਂ ਹੀ | just as |
| ਕਿੱਥੇ | where | ਹੁਣੇ | just now | ਅੱਗੇ ਅੱਗੇ | in front |
| ਜਿੱਥੇ ਕਿਤੇ/ਵੀ | where-ever | ਹੁਣ ਤੋਂ | from now | ਅੱਗੇ ਤੋਂ | in future |
| ਕਦ, ਕਦੋਂ | when | ਹੁਣ ਤੱਕ | till now | ਨਾਲ ਨਾਲ | along with |
| ਕਿਉਂ | why | ਇਸ ਕਰਕੇ, ਇਸ ਲਈ | therfore | ਸ਼ਾਇਦ | perhaps |
| ਕਿਉਂਕਿ | because | ਕਦੇ ਕਦੇ | sometimes | ਅਚਾਨਕ | suddenly |
| ਕਿਵੇਂ | how | ਕਦੇ ਨਹੀਂ | never | ਫਟਾ ਫਟ | atonce |
| ਕਿਵੇਂ ਨਾ ਕਿਵੇਂ | some how | ਕਈ ਵਾਰ | several times | ਛੇਤੀ ਛੇਤੀ | very quickly |
| ਇਧਰੋਂ | from here | ਹਮੇਸ਼ਾ, ਸਦਾ | always | ਅੱਜ | today |
| ਉਧਰੋਂ | from there | ਹਰ ਵਾਰ | every time | ਕੱਲ੍ਹ | yesterday |
| ਅਮਦਰੋਂ | from inside | ਹਰ ਰੋਜ਼ | every day, daily | ਕੱਲ੍ਹ ਨੂੰ | tomorrow |
| ਬਾਹਰੋਂ | from outside | ਕਿਤੇ ਵੀ | anywhere | ਪਰਸੋਂ | day before yesterday |
| ਉਪਰੋਂ | from above | ਕਿਸ ਪਾਸੇ | which way | ਪਰਸੋਂ ਨੂੰ | day after tomorrow |





# ਕੱਛੂ ਤੇ ਖਰਗੋਸ਼

## A Tortoise and a Hare

ਇੱਕ ਵੇਰ ਦੀ ਗੱਲ ਹੈ ਕਿ ਇੱਕ ਤਲਾ ਦੇ ਨੇੜੇ ਇੱਕ *ਘੁਰਨੇ ਵਿੱਚ* ਇੱਕ ਖਰਗੋਸ਼ ਰਹਿੰਦਾ ਸੀ । ਉਹ ਜਦੋਂ ਵੀ ਤਲਾ ਤੇ ਪਾਣੀ ਪੀਣ ਜਾਂਦਾ ਤਾਂ ਉੱਥੇ ਕੰਡੇ ਤੇ ਸੈਰ ਕਰਦੇ ਕੁਝ ਕੱਛੂਆਂ ਨੂੰ ਦੇਖ ਕੇ ਹੱਸਦਾ ਰਹਿੰਦਾ । ਕਹਿੰਦਾ, "ਤੁਸੀਂ *ਘਿਸਰ ਘਿਸਰ ਕੇ* ਚਲਦੇ ਹੋ ਤੇ ਦੌੜ ਨਹੀਂ ਸਕਦੇ ।"

ਇੱਕ ਦਿਨ ਇੱਕ ਕੱਛੂ ਨੂੰ ਉਸ ਦੇ *ਮਖੌਲ* ਕਰਨ ਤੇ *ਗੁੱਸਾ* ਆਇਆ ਤੇ ਆਖਣ ਲੱਗਾ, "ਅੱਛਾ ਸ਼ਰਤ ਲਾ ਲੈ ਕੌਣ ਤੇਜ਼ ਦੌੜਦਾ ਹੈ ।" ਖਰਗੋਸ਼ ਨੇ ਦੂਰ ਇੱਕ ਹੋਰ ਤਲਾ ਦੇ ਕੰਡੇ ਤੇ ਖੜੇ ਦਰਖਤ ਵਲ ਦੇਖ ਕੇ ਕਿਹਾ , "ਜੋ ਪਹਿਲਾਂ ਉਸ ਦਰਖਤ ਕੋਲ ਪੁਜ ਜਾਵੇ ਉਹ ਜਿਤ ਗਿਆ ।" ਕੱਛੂ ਮੰਨ ਗਿਆ

ਦੋਹਾਂ ਦੀ ਦੌੜ ਸ਼ੁਰੂ ਹੋ ਗਈ । ਖਰਗੋਸ਼ ਨੇ ਇੱਕ ਦਮ ਕੱਛੂ ਨੂੰ ਪਿੱਛੇ ਛੱਡ ਦਿੱਤਾ । ਰਸਤੇ ਵਿੱਚ ਇੱਕ ਬਹੁਤ ਵੱਡੀ *ਝਾੜੀ* ਸੀ । ਖਰਗੋਸ਼ ਨੇ ਸੋਚਿਆ ਕਿਉਂ ਨਾ ਇੱਥੇ ਝਾੜੀ ਵਿੱਚ ਬੈਠ ਕੇ ਕੱਛੂ ਦੇ ਹੌਲੀ ਹੌਲੀ ਘਿਸਰ ਘਿਸਰ ਚਲੇ ਆਉਂਦੇ ਦਾ ਤਮਾਸ਼ਾ ਦੇਖੀਏ । *ਸ਼ਰਤ* ਤਾਂ ਮੈਂ ਅਸਾਨੀ ਨਾਲ ਜਿਤ ਹੀ ਲੈਣੀ ਹੈ ।

ਖਰਗੋਸ਼ ਝਾੜੀ ਵਿੱਚ ਬੈਠ ਕੇ ਕੱਛੂ ਦੀ *ਉਡੀਕ* ਕਰਨ ਲੱਗਾ । ਉਸ ਦੀਆਂ ਅੱਖਾਂ ਮੀਟੀਆਂ ਗਈਆਂ ਤੇ ਉਸ ਨੂੰ ਨੀਂਦ ਆ ਗਈ । ਇਤਨੇ ਵਿੱਚ ਕੱਛੂ ਹੌਲੀ ਹੌਲੀ ਝਾੜੀ ਕੋਲੋਂ ਦੀ ਲੰਘ ਗਿਆ । ਪਰ ਖਰਗੋਸ਼ ਅਜੇ ਸੁੱਤਾ ਹੀ ਪਿਆ ਸੀ । ਕੁਝ ਦੇਰ ਬਾਅਦ ਜਦੋਂ ਉਸ ਨੂੰ *ਜਾਗ ਆਈ* ਤਾਂ ਦੇਖਿਆ ਕਿ ਕੱਛੂ ਤਾਂ ਤਲਾ ਵਾਲੇ ਦਰਖਤ ਕੋਲ ਪਹੁੰਚ ਚੁਕਾ ਹੈ । ਉਹ ਬਹੁਤ ਤੇਜ਼ ਦੌੜਿਆ, ਪਰ ਹੁਣ ਕੀ ਕਰ ਸਕਦਾ ਸੀ । ਕੱਛੂ ਦੌੜ ਜਿਤ ਚੁਕਾ ਸੀ ।

| | | | |
|---|---|---|---|
| ਘੁਰਨੇ ਵਿੱਚ | in a hole | ਘਿਸਰ ਘਿਸਰ ਕੇ | creepingly |
| ਤਲਾ | pond/ tank/ lake | ਝਾੜੀ | bush |
| ਮਖੌਲ | joke | ਉਡੀਕ | wait |
| ਗੁੱਸਾ | anger | ਜਾਗ ਆਈ | awoke |
| ਸ਼ਰਤ | bet | | |
| ਤਮਾਸ਼ਾ ਦੇਖਣਾ | to see an amusing situation | | |
| ਤੇਜ਼ ਦੌੜਿਆ | ran fast | | |

# ਪ੍ਰਸ਼ਨ ਤੇ ਉੱਤਰ (Questions & Answers)

In your exercise/note book, copy each question neatly and write the answers in complete sentences.

**A**

੧. ਖਰਗੋਸ਼ ਕਿੱਥੇ ਰਹਿੰਦਾ ਸੀ ?

੨. ਉਹ ਕੱਛੂਆਂ ਨੂੰ ਕੀ ਮਖੌਲ ਕਰਦਾ ਸੀ ?

੩. ਕੱਛੂ ਨੇ ਖਰਗੋਸ਼ ਨੂੰ ਕੀ ਕਰਨ ਲਈ ਕਿਹਾ ?

੪. ਸ਼ਰਤ ਕੀ ਲੱਗੀ ?

੫. ਦੌੜ ਵਿੱਚ ਕੌਣ ਜਿਤਿਆ, ਤੇ ਕਿਉਂ ?

**B**

Copy the following sentences by filling in appropriate words from the text you have read:

੧. ਖਰਗੋਸ਼ ਨੇ ਇੱਕ ਦਮ ............ ਨੂੰ ਪਿੱਛੇ ..............ਦਿੱਤਾ ।

੨. ਰਸਤੇ ਵਿੱਚ ਇੱਕ ਬਹੁਤ ਵੱਡੀ .................. ਸੀ ।

੩. ਖਰਗੋਸ਼ ............ ਵਿੱਚ ਬੈਠ ਕੇ ਕੱਛੂ ਦੀ ............... ਕਰਨ ਲੱਗਾ ।

੪. ਕੱਛੂ ਹੌਲੀ ਹੌਲੀ ਝਾੜੀ ਕੋਲੋਂ ਦੀ ............ ਗਿਆ ।

੫. ਕੁਝ ਦੇਰ ਬਾਅਦ ਜਦੋਂ ................ ਨੂੰ ਜਾਗ ਆਈ ਤਾਂ ..............ਤਲਾ ਵਾਲੇ ਦਰਖਤ ਕੋਲ ਪਹੁੰਚ ਚੁਕਾ ਸੀ ।

| Time | Place | O'clock |
|---|---|---|
| ਘੜੀ /ਪਲ moment | ਮੁਲਕ country | ਇੱਕ ਵਜੇ one o'clock |
| ਘੰਟਾ hour | ਦੇਸ country | ਸਵਾ ਇੱਕ quarter past one |
| ਸਵੇਰੇ morning | ਪਰਦੇਸ abroad / foreign country | ਡੇਢ half past one |
| ਸ਼ਾਮ evening | ਸੂਬਾ/ ਪਰਦੇਸ਼ state / province | ਪੌਣੇ ਦੋ quarter to two |
| ਦਿਨ day | ਇਲਾਕਾ area | ਸਵਾ ਦੋ quarter past two |
| ਰਾਤ night | ਜ਼ਿਲਾ district | ਢਾਈ half past two |
| ਦੁਪਹਿਰ mid-day | ਸ਼ਹਿਰ city | ਪੌਣੇ ਤਿੰਨ quarter to three |
| ਅੱਧੀ ਰਾਤ midnight | ਪਿੰਡ village | ਸਵਾ ਤਿੰਨ quarter past three |
| ਹਫਤਾ week | ਗਲੀ street | ਸਾਢੇ ਤਿੰਨ half past three |
| ਮਹੀਨਾ month | ਰਸਤਾ/ ਰਾਹ path / way | ਪੌਣੇ ਚਾਰquarter to four |
| ਸਾਲ year | ਚੁਰਸਤਾ/ ਚੌਰਾਹਾ Square/ cross road | ਸਵਾ ਚਾਰ quarter past four |
| ਸਦੀ century | ਸੜਕ road | ਸਾਢੇ ਚਾਰ half past four |
| ਕੱਲ੍ਹ yesterday/ tomorrow | ਮੈਦਾਨ plain ground | ਪੌਣੇ ਪੰਜ quarter to four |
| ਪਰਸੋਂ day before yesterday / day after tomorrow | ਜੰਗਲ forest | ਸਾਢੇ ਪੰਜ half past five |

# ਗਿੱਦੜ ਤੇ ਊਠ

## A Jackal & a Camel

ਇੱਕ ਪਿੰਡ ਦੇ ਨੇੜੇ ਇੱਕ ਜੰਗਲ ਵਿੱਚ ਇੱਕ ਗਿੱਦੜ ਰਹਿੰਦਾ ਸੀ । ਜੰਗਲ ਅਤੇ ਪਿੰਡ ਦੇ ਵਿਚਾਲੇ ਇੱਕ ਡੂੰਘੀ ਨਦੀ ਵਹਿੰਦੀ ਸੀ । ਪਿੰਡ ਵਾਲੇ ਪਾਸੇ ਖੇਤਾਂ ਕਿਸਾਨ ਕਈ ਪਰਕਾਰ ਦੀਆਂ ਫਸਲਾਂ ਉਗਾਂਦੇ ਸਨ । ਗਿੱਦੜ ਜਦੋਂ ਵੀ ਦਰਿਆ ਦੇ ਕੰਢੇ ਤੇ ਆਉਂਦਾ ਤਾਂ ਦੂਜੇ ਕੰਢੇ ਤੇ ਗੰਨੇ, ਛੱਲੀਆਂ ਤੇ ਖਰਬੂਜ਼ਿਆਂ ਦੇ ਖੇਤ ਦੇਖ ਦੇਖ ਉਸਦੇ ਮੂੰਹ ਵਿੱਚ ਪਾਣੀ ਭਰ ਜਾਂਦਾ ।

ਇੱਕ ਦਿਨ ਜਦੋਂ ਉਹ ਨਦੀ ਦੇ ਕੰਢੇ ਆਇਆ ਤਾਂ ਦੂਜੇ ਪਾਸੇ ਇੱਕ ਊਠ ਨੂੰ ਪਾਣੀ ਪੀਂਦੇ ਦੇਖਿਆ । ਗਿੱਦੜ ਨੇ ਊਠ ਨੂੰ ਉੱਚੀ ਸਾਰੀ ਅਵਾਜ਼ ਦਿੱਤੀ, "ਕਿਉਂ ਭਰਾਵਾ ਕੀ ਹਾਲ ਹੈ ? ਅੱਜ ਤੈਨੂੰ ਕਿਵੇਂ ਵਿਹਲ ਮਿਲ ਗਈ ? ਕਦੇ ਇੱਧਰ ਨਦੀ ਪਾਰ ਵੀ ਆ ਜਾਇਆ ਕਰ । ਵੇਖ ਅਸੀਂ ਕਿੰਨੀਆਂ ਮੌਜਾਂ ਕਰਦੇ ਹਾਂ ।" ਊਠ ਗਿੱਦੜ ਦੀਆਂ ਗੱਲਾਂ ਵਿੱਚ ਆ ਗਿਆ । ਉਸ ਨੂੰ ਦੂਜੇ ਪਾਸੇ ਹਰਿਆਵਲ ਜ਼ਿਆਦਾ ਚੰਗੀ ਲੱਗੀ । ਊਠ ਨੇ ਸੋਚਿਆ ਕਿਉਂ ਨਾ ਆਪਣੇ ਮਾਲਕ ਦਾ ਸਾਰਾ ਦਿਨ ਕੰਮ ਕਰਨ ਨਾਲੋਂ ਗਿੱਦੜ ਨਾਲ ਜੰਗਲ ਵਿੱਚ ਹੀ ਰਿਹਾ ਜਾਵੇ । ਉਹ ਦਰਿਆ ਪਾਰ ਕਰਕੇ ਗਿੱਦੜ ਨਾਲ ਰਹਿਣ ਲੱਗ ਪਿਆ ।

ਇੱਕ ਦਿਨ ਗਿੱਦੜ ਦਾ ਮਿੱਠੀਆਂ ਮਿੱਠੀਆਂ ਛੱਲੀਆਂ ਖਾਣ ਨੂੰ ਬਹੁਤ ਜੀਅ ਕੀਤਾ । ਉਸ ਨੇ ਊਠ ਨੂੰ ਕਿਹਾ, "ਦਰਿਆ ਪਾਰ ਛੱਲੀਆਂ ਦਾ ਖੇਤ ਮੈਨੂੰ ਬਹੁਤ ਸੁਹਣਾ ਲਗਦਾ ਹੈ । ਤੇ ਮੇਰਾ ਜੀਅ ਛੱਲੀਆਂ ਖਾਣ ਨੂੰ ਬਹੁਤ ਕਰਦਾ ਹੈ । ਤੂੰ ਮੇਰਾ ਚੰਗਾ ਮਿੱਤਰ ਹੈਂ । ਚਲ ਅੱਜ ਮੈਨੂੰ ਨਦੀ ਪਾਰ ਕਰਾ ਕੇ ਉੱਥੇ ਲੈ ਚਲ ।"


ਰਾਤ ਨੂੰ ਊਠ ਨੇ ਗਿੱਦੜ ਨੂੰ ਆਪਣੀ ਪਿੱਠ ਤੇ ਬਿਠਾਇਆ ਤੇ ਦਰਿਆ ਪਾਰ ਕਰਕੇ ਦੋਵੇਂ ਛੱਲੀਆਂ ਦੇ ਖੇਤ ਵਿੱਚ ਜਾ ਵੜੇ । ਥੋਹੜੀ ਦੇਰ ਬਾਅਦ ਜਦੋਂ ਗਿੱਦੜ ਖੂਬ ਰੱਜ ਗਿਆ ਤਾਂ ਉਸ ਨੇ ਬਾਹਰ ਨਿਕਲ ਕੇ ਚੀਕਣਾ ਸ਼ੁਰੂ ਕਰ ਦਿੱਤਾ । ਪਿੰਡ ਦੇ ਲੋਕਾਂ ਨੇ ਜਦੋਂ ਗਿੱਦੜ ਦੇ ਚੀਕਣ ਦੀ ਅਵਾਜ਼ ਸੁਣੀ ਤਾਂ ਉਹ ਡੰਡੇ ਸੋਟੀਆਂ ਲੈ ਕੇ ਆ ਗਏ, ਤੇ ਖੇਤ ਵਿੱਚ ਛੱਲੀਆਂ ਖਾਂਦੇ ਊਠ ਦੀ ਖੂਬ ਮਰੰਮਤ ਕੀਤੀ । ਡੰਡੇ ਖਾ ਕੇ ਊਠ ਨਦੀ ਵਲ ਦੌੜਿਆ ਜਿੱਥੇ ਗਿੱਦੜ ਖੜਾ ਉਡੀਕ ਕਰ ਰਿਹਾ ਸੀ ।

ਊਠ ਨੇ ਗਿੱਦੜ ਨੂੰ ਕਿਹਾ, "ਜੇਕਰ ਤੂੰ ਰੌਲਾ ਨਾ ਪਾਉਂਦਾ ਤਾਂ ਮੇਰੇ ਡੰਡੇ ਨਾ ਪੈਂਦੇ ।" "ਪਰ ਮੈਂ ਕੀ ਕਰਦਾ ਮੇਰੀ ਤਾਂ ਆਦਤ ਹੈ ਕਿ ਜਦੋਂ ਮੇਰਾ ਢਿਡ ਭਰ ਜਾਵੇ ਤਾਂ ਮੇਰਾ ਜੀਅ ਚੀਕਾਂ ਮਾਰਨ ਨੂੰ ਕਰਦਾ ਹੈ ।" ਗਿੱਦੜ ਨੇ ਉੱਤਰ ਦਿੱਤਾ ।

ਊਠ ਇਹ ਸੁਣ ਕੇ ਚੁਪ ਹੋ ਗਿਆ ਤੇ ਦੋਵੇਂ ਵਾਪਸ ਜਾਣ ਲਈ ਦਰਿਆ ਪਾਰ ਕਰਨ ਲੱਗੇ । ਗਿੱਦੜ ਊਠ ਦੀ ਪਿੱਠ ਤੇ ਬੈਠ ਗਿਆ । ਜਦੋਂ ਊਠ ਦਰਿਆ ਦੇ ਵਿਚਕਾਰ ਗਿਆ ਤਾਂ ਲੇਟਣ ਲਈ ਨੀਵਾਂ ਹੋ ਗਿਆ । ਪਿੱਠ ਤੇ ਬੈਠਾ ਗਿੱਦੜ ਧੜੰਮ ਪਾਣੀ ਵਿੱਚ ਡਿਗ ਗਿਆ ।

ਗਿੱਦੜ ਨੇ ਊਠ ਨੂੰ ਕਿਹਾ, "ਭਰਾਵਾ ਆਹ ਕੀ ਕਰਨ ਲੱਗਾ ਹੈਂ । ਮੈਨੂੰ ਤਰਨਾ ਨਹੀਂ ਆਉਂਦਾ, ਮੈਂ ਡੁੱਬ ਜਾਵਾਂਗਾ । ਰੱਬ ਦੇ ਵਾਸਤੇ ਮੈਨੂੰ ਬਚਾ ਕੇ ਪਾਰ ਲੈ ਚਲ ।"

ਊਠ ਬੋਲਿਆ, "ਠੀਕ ਹੈ ਭਰਾਵਾ, ਪਰ ਮੈਂ ਕੀ ਕਰਾਂ । ਮੇਰੀ ਵੀ ਆਦਤ ਹੈ ਕਿ ਜਦੋਂ ਮੈਂ ਰੱਜ ਜਾਵਾਂ ਤਾਂ ਲੇਟਣਾ ਚਾਹੁੰਦਾ ਹਾਂ ।"



ਡੰਡੇ ਖਾ ਕੇ ਦੌੜਿਆ ਜਾਂਦਾ ਊਠ

# ਪ੍ਰਸ਼ਨ ਤੇ ਉੱਤਰ (Questions & Answers)

In your exercise/note book, copy each question neatly and write the answers in complete sentences.

**A**

੧. ਨਦੀ ਦੇ ਕੰਢੇ ਖੜੋ ਕੇ ਗਿੱਦੜ ਕੀ ਦੇਖਦਾ ਹੁੰਦਾ ਸੀ ?

੨. ਗਿੱਦੜ ਊਠ ਨੂੰ ਕਦੋਂ ਮਿਲਿਆ ?

੩. ਊਠ ਗਿੱਦੜ ਨਾਲ ਕਿਉਂ ਰਹਿਣ ਲੱਗ ਪਿਆ ?

੪. ਗਿੱਦੜ ਨੇ ਨਦੀ ਪਾਰ ਕਿਵੇਂ ਕੀਤੀ ?

੫. ਊਠ ਦੇ ਡੰਡੇ ਕਿਉਂ ਪਏ ?

**B**

Copy the following sentences by filling in appropriate words from the text you have read:

੧. ਪਿੰਡ ਅਤੇ ਜੰਗਲ ਦੇ ............... ਇੱਕ ਡੂੰਘੀ ਨਦੀ ਵਹਿੰਦੀ ਸੀ ।

੨. ਊਠ ਗਿੱਦੜ ਦੀਆਂ ............... ਵਿੱਚ ਆ ਗਿਆ ।

੩. ਇੱਕ ਦਿਨ ਗਿੱਦੜ ਦਾ ਮਿੱਠੀਆਂ ਮਿੱਠੀਆਂ ............ ਖਾਣ ਨੂੰ ਬਹੁਤ ............ਕੀਤਾ ।

੪. ਰੱਜ ਕੇ ਗਿੱਦੜ ਨੇ .................. ਸ਼ੁਰੂ ਕਰ ਦਿੱਤਾ ।

੫. ਜਦੋਂ ਊਠ ਦਰਿਆ ਦੇ ............ ਗਿਆ ਤਾਂ ਉਹ ਪਾਣੀ ਵਿੱਚ ............ ਲਈ ਨੀਵਾਂ ਹੋ ਗਿਆ ।

**C**

**Task:-** Tell this story in Panjabi to some one in your family.

# ਬਾਂਦਰ ਅਤੇ ਮਗਰਮੱਛ

## A Monkey and a Crocodile

ਇੱਕ ਵਾਰ ਦੀ ਗੱਲ ਹੈ ਕਿ ਇੱਕ ਦਰਿਆ ਦੇ ਕਿਨਾਰੇ ਇੱਕ ਅੰਬ ਦੇ ਰੁੱਖ ਤੇ ਬਹੁਤ ਸਾਰੇ ਬਾਂਦਰ ਰਹਿੰਦੇ ਸਨ । ਉਹ ਸਾਰਾ ਦਿਨ ਨੱਚਦੇ ਟੱਪਦੇ, ਗੱਲਾਂ ਕਰਦੇ ਤੇ ਅੰਬ ਖਾ ਖਾ ਕੇ ਮਜ਼ੇ ਕਰਦੇ । ਨਾਲ ਵਗਦੇ ਦਰਿਆ ਵਿੱਚ ਕਈ ਮਗਰਮੱਛ ਵੀ ਰਹਿੰਦੇ ਸਨ । ਮਗਰਮੱਛ ਸਾਰਾ ਦਿਨ ਦਰਿਆ ਵਿੱਚ ਤਰਦੇ ਫਿਰਦੇ ਤੇ ਬਾਹਰ ਕੰਢੇ ਤੇ ਆ ਕੇ ਧੁੱਪ ਵਿੱਚ ਲੇਟੇ ਰਹਿੰਦੇ ।

ਉਹਨਾਂ ਵਿੱਚੋਂ ਇੱਕ ਜਵਾਨ ਮਗਰਮੱਛ ਨੂੰ ਸਦਾ ਕੁਝ ਖਾਣ ਲਈ ਭੁੱਖ ਲੱਗੀ ਰਹਿੰਦੀ ਸੀ । ਉਹ ਦਰਖਤ ਤੇ ਟੱਪਦੇ ਬਾਂਦਰਾਂ ਨੂੰ ਦੇਖਦਾ ਰਹਿੰਦਾ ਤੇ ਉਸ ਦਾ ਜੀਅ ਕਰਦਾ ਉਹਨਾਂ ਵਿੱਚੋਂ ਕਿਸੇ ਨੂੰ ਫੜ ਕੇ ਖਾ ਲਵੇ । ਪ੍ਰੰਤੂ ਮਗਰਮੱਛ ਨਾ ਬਾਂਦਰ ਵਾਂਗ ਦੌੜ ਸਕਦਾ ਸੀ ਤੇ ਨਾ ਹੀ ਦਰਖਤ ਤੇ ਚੜ੍ਹ ਸਕਦਾ ਸੀ । ਉਸ ਨੇ ਬਹੁਤ ਸੋਚਿਆ ਕਿ ਬਾਂਦਰ ਨੂੰ ਕਿਵੇਂ ਫੜਿਆ ਜਾਵੇ । ਆਖਰ ਇੱਕ ਦਿਨ ਉਸ ਨੂੰ ਇੱਕ ਤਰਕੀਬ ਸੁੱਝੀ ।

ਉਸ ਨੇ ਦਰਖਤ ਦੇ ਨੇੜੇ ਜਾ ਕੇ ਉੱਪਰ ਬੈਠੇ ਇੱਕ ਬਾਂਦਰ ਨੂੰ ਅਵਾਜ਼ ਮਾਰੀ । “ਓ ਭਰਾ ਬਾਂਦਰ, ਆਹ ਤੁਹਾਡੇ ਦਰਖਤ ਦੇ ਅੰਬ ਤਾਂ ਮੁਕਣ ਵਾਲੇ ਹਨ । ਪਰ ਮੈਂ ਇੱਕ ਹੋਰ ਦਰਖਤ ਦੇਖਿਆ ਹੈ ਜੋ ਪੱਕੇ ਤੇ ਮਿੱਠੇ ਮਿੱਠੇ ਅੰਬਾਂ ਨਾਲ ਭਰਿਆ ਹੋਇਆ ਹੈ ।” ਇਹ ਗੱਲ ਸੁਣ ਕੇ ਬਾਂਦਰ ਖੁਸ਼ ਹੋ ਗਿਆ ਤੇ ਉਸ ਨੇ ਮਗਰਮੱਛ ਦੇ ਜਰਾ ਹੋਰ ਨੇੜੇ ਹੋ ਕੇ ਪੁੱਛਿਆ, “ਕਿੱਥੇ ਹੈ ਉਹ ਦਰਖਤ, ਮੈਨੂੰ ਦੱਸ ।” “ਉਹ ਦਰਿਆ ਦੇ ਦੂਜੇ ਕੰਢੇ ਤੇ ਹੈ ।” ਮਗਰਮੱਛ ਬੋਲਿਆ । “ਪਰ ਮੈਨੂੰ ਤਾਂ ਤਰਨਾ ਨਹੀਂ ਆਉਂਦਾ, ਮੈਂ ਉੱਥੇ ਕਿਵੇਂ ਜਾਵਾਂਗਾ ।” ਬਾਂਦਰ ਨੇ ਫਿਰ ਪੁੱਛਿਆ । “ਮੈਂ ਤੈਨੂੰ ਆਪਣੀ ਪਿੱਠ ਤੇ ਬਿਠਾ ਕੇ ਉੱਥੇ ਲੈ ਚਲਾਂਗਾ । ਪਰ ਇਹ ਗੱਲ ਕਿਸੇ ਹੋਰ ਬਾਂਦਰ ਨੂੰ ਨਾ ਦੱਸੀਂ । ਨਹੀਂ ਤੇ ਸਾਰੇ ਹੀ ਉੱਥੇ ਜਾ ਪੁਜਣਗੇ” ਮਗਰਮੱਛ ਨੇ ਚਲਾਕੀ ਨਾਲ ਕਿਹਾ ।

“ਚੰਗਾ ਫੇਰ ਤੂੰ ਮੈਨੂੰ ਅੱਜ ਹੀ ਉੱਥੇ ਲੈ ਚਲ ।” ਬਾਂਦਰ ਨੇ ਬੇਸਬਰੀ ਨਾਲ ਕਿਹਾ । “ਆ ਜਾ ਫੇਰ, ਮਾਰ ਛਾਲ, ਹੁਣੇ ਚਲਦੇ ਹਾਂ ।” ਮਗਰਮੱਛ ਆਪਣੀ ਖੁਸ਼ੀ ਲੁਕਾਉਂਦੇ ਹੋਏ ਬੋਲਿਆ ।

ਬਾਂਦਰ ਮਗਰਮੱਛ ਦੀ ਪਿੱਠ ਤੇ ਬੈਠ ਗਿਆ ਤੇ ਮਗਰਮੱਛ ਪਾਣੀ ਵਿੱਚ ਤੈਰਨ ਲੱਗਾ । “ਆਹ ਤਾਂ ਸਵਾਰੀ ਬੜੀ ਮਜ਼ੇਦਾਰ ਹੈ” ਬਾਂਦਰ ਨੇ ਕਿਹਾ । “ਤੇ ਤੇਰਾ ਦਿਲ ਵੀ ਬੜਾ ਮਜ਼ੇਦਾਰ ਹੋਵੇਗਾ ?” ਮਗਰਮੱਛ ਨੇ ਹੱਸਦੇ ਹੋਏ ਤੇ ਪਾਣੀ ਵਿੱਚ ਟੁਭੀ ਮਾਰਦੇ ਹੋਏ ਕਿਹਾ । “ਓਏ ਭਰਾਵਾ ਡੋਬ ਨਾ ਦੇਵੀਂ, ਮੈਨੂੰ ਤਰਨਾ ਨਹੀਂ ਆਉਂਦਾ ।” ਬਾਂਦਰ ਨੇ ਡਰ ਨਾਲ ਘੁਟ ਕੇ ਮਗਰਮੱਛ ਦੀ ਪਿੱਠ ਨੂੰ ਫੜਦੇ ਹੋਏ ਕਿਹਾ । “ਮੈਂ ਤਾਂ ਤੈਨੂੰ ਹੁਣ ਡੋਬ ਦੇਣਾ ਹੈ ਤੇ ਤੇਰਾ ਦਿਲ ਕੱਢ ਕੇ ਖਾਣਾ ਹੈ । ਕਿਉਂਕਿ ਉਹ ਵੀ ਅੰਬਾਂ ਵਾਂਗ ਰਸ ਨਾਲ ਭਰਿਆ ਹੋਇਆ ਹੈ ।” ਮਗਰਮੱਛ ਬੋਲਿਆ । “ਫੇਰ ਤੂੰ ਮੈਨੂੰ ਪਹਿਲਾਂ ਕਿਉਂ ਨਹੀਂ ਦੱਸਿਆ । ਮੈਂ ਆਪਣਾ ਦਿਲ ਤਾਂ ਉੱਥੇ ਦਰਖਤ ਤੇ ਛੱਡ ਆਇਆ ਹਾਂ । ਜੇ ਤੂੰ ਮੈਨੂੰ ਪਹਿਲਾਂ ਦੱਸਦਾ ਤਾਂ ਉੱਥੇ ਹੀ ਤੈਨੂੰ ਦੇ ਦਿੰਦਾ ।” ਬਾਂਦਰ ਨੇ ਇੱਕ-ਦਮ ਕੁਝ ਸੋਚ ਕੇ ਕਿਹਾ । “ਚਲ ਫਿਰ ਵਾਪਸ ਚਲਦੇ ਹਾਂ ਪਹਿਲਾਂ ਤੂੰ ਆਪਣਾ ਦਿਲ ਲੈ ਆ ।” ਮਗਰਮੱਛ ਬੋਲਿਆ ।

ਮਗਰਮੱਛ ਤੇ ਬਾਂਦਰ ਦੋਵੇਂ ਵਾਪਸ ਕੰਢੇ ਵਲ ਚਲ ਪਏ । ਜਦੋਂ ਮਗਰਮੱਛ ਦਰਿਆ ਦੇ ਕਿਨਾਰੇ ਪੁੱਜਿਆ ਤਾਂ ਬਾਂਦਰ ਇੱਕ ਹੀ ਛਾਲ ਮਾਰ ਕੇ ਦਰਖਤ ਤੇ ਜਾ ਚੜ੍ਹਿਆ । ਦਰਖਤ ਤੇ ਚੜ੍ਹ ਕੇ ਬਾਂਦਰ ਨੇ ਉੱਚੀ ਅਵਾਜ਼ ਨਾਲ ਮਗਰਮੱਛ ਨੂੰ ਆਖਿਆ, "ਮੇਰਾ ਦਿਲ ਇੱਥੇ ਦਰਖਤ ਤੇ ਹੈ , ਜੇ ਤੈਨੂੰ ਚਾਹੀਦਾ ਹੈ ਤਾਂ ਆ ਕੇ ਲੈ ਲੈ ।" ਹੁਣ ਜਦੋਂ ਮਗਰਮੱਛ ਨੂੰ ਆਪਣੀ ਮੂਰਖਤਾ ਦਾ ਪਤਾ ਲੱਗਾ ਤੇ ਗੁੱਸੇ ਨਾਲ ਆਪਣੀ ਪੂਛ ਧਰਤੀ ਤੇ ਮਾਰਨ ਲੱਗਾ ।



ਬਾਂਦਰ ਅਤੇ ਮਗਰਮੱਛ ਪਾਣੀ ਵਿੱਚ ਤੈਰਦੇ ਹੋਏ

# ਪ੍ਰਸ਼ਨ ਤੇ ਉੱਤਰ (Questions & Answers)

In your exercise/note book, copy each question neatly and write the answers in complete sentences.

**A**

੧. ਬਾਂਦਰ ਕਿੱਥੇ ਰਹਿੰਦੇ ਸਨ ?

੨. ਮਗਰਮੱਛ ਸਾਰਾ ਦਿਨ ਕੀ ਕਰਦੇ ਸਨ ?

੩. ਮਗਰਮੱਛ ਬਾਂਦਰ ਨੂੰ ਕਿਉਂ ਨਹੀਂ ਫੜ ਸਕਦਾ ਸੀ ?

੪. ਮਗਰਮੱਛ ਨੇ ਬਾਂਦਰ ਨੂੰ ਕੀ ਗੱਲ ਦੱਸ ਕੇ ਖੁਸ਼ ਕਰ ਦਿੱਤਾ ਸੀ ?

੫. ਬਾਂਦਰ ਦਰਿਆਂ ਦੇ ਦੂਜੇ ਕੰਢੇ ਕਿਉਂ ਨਹੀਂ ਜਾ ਸਕਦਾ ਸੀ ?

**B**

Copy the following sentences by filling in appropriate words from the text you have read:

੧. ਅੰਬ ਦੇ ............... ਤੇ ਬਾਂਦਰ ਰਹਿੰਦੇ ਸਨ ਤੇ ............ ਵਿੱਚ ਮਗਰਮੱਛ ਰਹਿੰਦੇ ਸਨ ।

੨. ਜਵਾਨ ਮਗਰਮੱਛ ਨੂੰ ਸਦਾ ਕੁਝ ਖਾਣ ਲਈ ................ ਲੱਗੀ ਰਹਿੰਦੀ ਸੀ ।

੩. ............ ਨੇ ਬਹੁਤ ਸੋਚਿਆ ਕਿ ............ ਨੂੰ ਕਿਵੇਂ ਫੜਿਆ ਜਾਵੇ ।

੪. ਜਦੋਂ ਮਗਰਮੱਛ ਦਰਿਆ ਦੇ .................... ਪੁੱਜਿਆ ਤਾਂ ਬਾਂਦਰ ਇੱਕ ਹੀ .................. ਮਾਰ ਕੇ ਦਰਖਤ ਤੇ ਜਾ ਚੜਿਆ ।

੫. ਜਦੋਂ ਮਗਰਮੱਛ ਨੂੰ ਆਪਣੀ ............ ਦਾ ਪਤਾ ਲੱਗਾ ਤਾਂ ਉਹ ............... ਨਾਲ ਆਪਣੀ ਪੂਛ ਧਰਤੀ ਤੇ ਮਾਰਨ ਲੱਗਾ ।

**C**

**Task:-** Tell this story to a friend in English,or someone in your family in Panjabi.

# ਬੁਲਬੁਲ ਤੇ ਕੀੜੀ

## A Nightingale & an auant

ਇੱਕ ਬੁਲਬੁਲ ਇੱਕ ਦਰਖਤ ਤੇ ਰਹਿੰਦਾ ਸੀ । ਉਸ ਦਰਖਤ ਦੇ ਹੇਠਾਂ ਇੱਕ ਕੀੜੀ ਦਾ ਘਰ ਸੀ । ਬੁਲਬੁਲ ਹਰ ਰੋਜ਼ ਸਵੇਰੇ ਉੱਠਦਾ, ਗੀਤ ਗਾਂਦਾ, ਬਾਗ ਦਾ ਚੱਕਰ ਲਾਉਂਦਾ ਤੇ ਫੁੱਲਾਂ ਵਿੱਚ ਘੁੰਮਦਾ ਫਿਰਦਾ ਅਤੇ ਖੁਸ਼ ਹੁੰਦਾ ।

ਕੀੜੀ ਸਾਰਾ ਦਿਨ ਮਿਹਨਤ ਕਰਦੀ । ਜਿੱਥੋਂ ਵੀ ਕੋਈ ਚੀਜ਼ ਖਾਣ ਨੂੰ ਮਿਲਦੀ, ਚੁਕ ਕੇ ਘਰ ਨੂੰ ਲੈ ਆਉਂਦੀ ।

ਇੱਕ ਦਿਨ ਬੁਲਬੁਲ ਨੇ ਕੀੜੀ ਨੂੰ ਆਖਿਆ, "ਮੂਰਖ ਕੀੜੀ, ਇਹ ਦਿਨ ਤਾਂ ਖੁਸ਼ੀ ਦੇ ਹਨ । ਤੂੰ ਸਾਰਾ ਦਿਨ ਕੰਮ ਲੱਗੀ ਰਹਿੰਦੀ ਹੈਂ । ਮੇਰੇ ਵੱਲ ਵੇਖ ਮੈਂ ਕਿਵੇਂ ਮੌਜਾਂ ਕਰਦਾ ਹਾਂ, ਗੀਤ ਗਾਂਦਾ ਹਾਂ, ਅਸਮਾਨ ਵਿੱਚ ਉੱਡਦੇ ਬੱਦਲਾਂ ਵੱਲ ਵੇਖ ਕੇ ਖੁਸ਼ ਹੁੰਦਾ ਹਾਂ ।"

ਕੀੜੀ ਆਖਣ ਲੱਗੀ, "ਬੁਲਬੁਲ ਮੂਰਖ ਤਾਂ ਤੂੰ ਹੈਂ । ਤੂੰ ਸਾਰਾ ਦਿਨ ਗਾਂਦਾ ਰਹਿੰਦਾ ਹੈਂ । ਗਾਣ ਨਾਲ ਤੈਨੂੰ ਕੀ ਮਿਲੇਗਾ । ਜਦੋਂ ਸਰਦੀ ਦਾ ਮੌਸਮ ਆਵੇਗਾ ਤਾਂ ਕੀ ਖਾਏਂਗਾ ।" ਪ੍ਰੰਤੂ ਬੁਲਬੁਲ ਨੂੰ ਕੀੜੀ ਦੀ ਗੱਲ ਚੰਗੀ ਨਹੀਂ ਲੱਗੀ ।

ਆਖਿਰ ਕੁਝ ਮਹੀਨੇ ਬਾਅਦ ਸਰਦੀ ਦਾ ਮੌਸਮ ਆ ਗਿਆ । ਠੰਡੀਆਂ ਠੰਡੀਆਂ ਹਵਾਵਾਂ ਚੱਲਣ ਲੱਗੀਆਂ । ਦਰਖਤਾਂ ਦੇ ਪੱਤੇ ਪੀਲੇ ਪੈ ਕੇ ਝੜ ਗਏ । ਫੁੱਲ ਵੀ ਨਾ ਰਹੇ । ਬਰਫ ਵੀ ਪੈਣ ਲੱਗ ਪਈ। ਬੁਲਬੁਲ ਠੰਡ ਨਾਲ ਸੁਕੜ ਕੇ ਸਾਰਾ ਦਿਨ ਬੈਠਾ ਰਹਿੰਦਾ । ਉਸ ਨੂੰ ਖਾਣ ਲਈ ਵੀ ਕੁਝ ਨਾ ਲੱਭਦਾ । ਹੁਣ ਉਹ ਗਾਣਾ ਵੀ ਨਹੀਂ ਸੀ ਗਾਂਦਾ ।

ਇੱਕ ਦਿਨ ਬੁਲਬੁਲ ਨੂੰ ਬਹੁਤ ਹੀ ਭੁਖ ਲੱਗੀ ਤਾਂ ਉਹ ਹੇਠਾਂ ਕੀੜੀ ਦੇ ਕੋਲ ਆਇਆ ਤੇ ਕਹਿਣ ਲੱਗਾ – "ਮੇਰੀ ਚੰਗੀ ਗਵਾਂਢਣ, ਮੈਨੂੰ ਬਹੁਤ ਭੁੱਖ ਲੱਗੀ ਹੈ । ਕਿਰਪਾ ਕਰਕੇ ਮੈਨੂੰ ਕੁਝ ਖਾਣ ਨੂੰ ਦੇ ਦੇ।"

ਕੀੜੀ ਆਖਣ ਲੱਗੀ – "ਇਸ ਵਿੱਚ ਤਾਂ ਕੋਈ ਸ਼ਕ ਨਹੀਂ ਕਿ ਤੂੰ ਮੇਰਾ ਗਵਾਂਢੀ ਹੈਂ । ਤੇ ਮੈਂ ਤੈਨੂੰ ਖਾਣ ਨੂੰ ਵੀ ਕੁਝ ਜ਼ਰੂਰ ਦੇਵਾਂਗੀ । ਪਰ ਬੁਰਾ ਨਾ ਮੰਨੀ । ਮੈਂ ਤੈਨੂੰ ਇੱਕ ਗੱਲ ਕਹਿਣਾ ਚਾਹੁੰਦੀ ਹਾਂ । ਜਦੋਂ ਗਰਮੀਆਂ ਵਿੱਚ ਮੌਸਮ ਸੁਹਣਾ ਸੀ ਓਦੋਂ ਤਾਂ ਤੂੰ ਗਾ ਗਾ ਕੇ ਲੰਘਾ ਦਿੱਤਾ । ਤੇ ਇੱਧਰ ਉੱਧਰ ਬਾਗ ਵਿੱਚ ਉਡਦਾ ਫਿਰਦਾ ਰਿਹਾ । ਇਹ ਨਹੀਂ ਸੋਚਿਆ ਕਿ ਜਦੋਂ ਸਰਦੀ ਦੀ ਰੁੱਤ ਆਵੇਗੀ ਤਾਂ ਕੀ ਖਾਵਾਂਗਾ ।"

ਬੁਲਬੁਲ ਬੋਲਿਆ, "ਭੈਣ, ਤੂੰ ਸੱਚ ਕਹਿੰਦੀ ਹੈਂ । ਪਰ ਜਦੋਂ ਗਰਮੀਆਂ ਵਿੱਚ ਫੁੱਲਾਂ ਦਾ ਮੌਸਮ ਆਉਂਦਾ ਹੈ ਤਾਂ ਮੈਂ ਸੱਭ ਕੁਝ ਭੁਲ ਜਾਂਦਾ ਹਾਂ ।"

ਕੀੜੀ ਬੋਲੀ, "ਮੇਰੇ ਭਾਈ, ਜੋ ਲੋਕ ਆਉਣ ਵਾਲੇ ਸਮੇਂ ਦਾ ਫਿਕਰ ਨਹੀਂ ਕਰਦੇ ਉਹਨਾਂ ਨੂੰ ਫਿਰ ਤੇਰੇ ਵਾਂਗ ਦੁਖ ਝਲਣਾ ਪੈਂਦਾ ਹੈ ।"

# ਪ੍ਰਸ਼ਨ ਤੇ ਉੱਤਰ (Questions & Answers)

In your exercise/note book, copy each question neatly and write the answers in complete sentences.

**A**

੧. ਬੁਲਬੁਲ ਸਾਰਾ ਦਿਨ ਕੀ ਕਰਦਾ ਸੀ ?

੨. ਕੀੜੀ ਨੇ ਬੁਲਬੁਲ ਨੂੰ ਕੀ ਆਖਿਆ ?

੩. ਬੁਲਬੁਲ ਨੂੰ ਕੀੜੀ ਦੀ ਗੱਲ ਕਿਹੋ ਜਿਹੀ ਲੱਗੀ ?

੪. ਸਰਦੀ ਦੇ ਮੌਸਮ ਵਿੱਚ ਬੁਲਬੁਲ ਕੀ ਕਰਦਾ ਸੀ ?

੫. ਉਹ ਫਿਰ ਕੀੜੀ ਕੋਲ ਕਿਉਂ ਗਿਆ ?

**B**

Copy the following sentences by filling in appropriate words from the text you have read:

੧. ਕੀੜੀ ਨੂੰ ਜਦੋਂ ਕੋਈ ਚੀਜ਼ ਖਾਣ ਨੂੰ ............ ਤਾਂ ਚੁਕ ਕੇ ਘਰ ........... ਆਉਂਦੀ ?

੨. ਆਖਰ ਕੁਝ ਮਹੀਨੇ ਬਾਅਦ ਸਰਦੀ ਦਾ ........... ਆ ਗਿਆ ਤੇ ਠੰਡੀਆਂ ਠੰਡੀਆਂ ............... ਚੱਲਣ ਲੱਗੀਆਂ ।

੩. ਬੁਲਬੁਲ ਸਾਰਾ ਦਿਨ ........... ਤੇ ਬੈਠਾ ਰਹਿੰਦਾ । ਉਸ ਨੂੰ ........... ਲਈ ਕੁਝ ਨਾ ਲਭਦਾ ।

੪. ਇੱਕ ਦਿਨ ਬੁਲਬੁਲ ਨੂੰ ਬਹੁਤ ......... ਲੱਗੀ । ਉਹ ਕੁਝ ਖਾਣ ਲਈ ......... ਕੋਲ ਆਇਆ ।

੫. ਕੀੜੀ ਨੇ ਕਿਹਾ – "ਜੋ ਲੋਕ ਆਉਣ ਵਾਲੇ ............... ਦਾ ਫਿਕਰ ਨਹੀਂ ਕਰਦੇ ਉਹਨਾਂ ਨੂੰ ਤੇਰੇ ਵਾਂਗ ............... ਝਲਣਾ ਪੈਂਦਾ ਹੈ ।"

**C**

**Task:-** Write this story in your own words in English

# ਵਾਰਤਾਲਾਪ – ੧ (Dialogue)

Surinder has bought a house for his family. His older sister came to visit and see his new house. Imagine that you are accompanying her and listen to the conversation.

ਭੈਣ: ਸਤਿ ਸ੍ਰੀ ਅਕਾਲ – ਸੁਰਿੰਦਰ, ਭਾਈ ਘਰ ਤਾਂ ਤੇਰਾ ਬੜਾ ਸੋਹਣਾ ਲਗਦਾ ਬਾਹਰੋਂ, ਕਿੰਨੇ ਦਾ ਖਰੀਦਿਆ ?

ਸੁਰਿੰਦਰ: ਭੈਣ ਤੂੰ ਪੈਸਿਆਂ ਦੀ ਗੱਲ ਨਾ ਕਰ, ਪਹਿਲਾਂ ਘਰ ਤਾਂ ਦੇਖ ਲੈ, ਇੱਥੇ ਹੀ ਖੜੋ ਗਈ ਏਂ ।

ਭੈਣ: ਘਰ ਦੇਖਣ ਹੀ ਤਾਂ ਆਈ ਹਾਂ, ਬਈ ਪੋਰਚ ਤਾਂ ਤੇਰੀ ਬੜੀ ਖੁੱਲ੍ਹੀ ਐ ।

ਸੁਰਿੰਦਰ: ਹਾਂ ਇੰਡੀਆ ਦੀ ਡਿਉਢੀ ਵਾਂਗ ਐ, ਆਹ ਪੌੜੀਆਂ ਥੱਲੇ ਵੀ ਕਾਫੀ ਥਾਂ ਹੈ । ਜਿੰਨੇ ਮਰਜ਼ੀ ਕੋਟ ਕੱਪੜੇ ਟੰਗ ਲਵੋ, ਹੇਠਾਂ ਹੋਰ ਨਿੱਕੇ ਮੋਟੇ ਸਮਾਨ ਤੇ ਜੁੱਤੀਆਂ ਆਦਿ ਲਈ ਕਾਫੀ ਥਾਂ ਹੈ ।

ਭੈਣ: ਕਮਰੇ ਵੀ ਸੁਖ ਨਾਲ ਖੁੱਲ੍ਹੇ ਹੀ ਹੋਣਗੇ ?

ਸੁਰਿੰਦਰ: ਹਾਂ, ਇਧਰ ਆ, ਆਹ ਦੇਖ ਸਾਡੀ ਬੈਠਕ, ਦਰਮਿਆਨੀ ਜਿਹੀ ਹੈ । ਅਜੇ ਕਾਰਪੈਟੱ ਤੇ ਫਰਨੀਚਰ ਨਹੀਂ ਪਾਇਆ । ਮੈਂ ਸੋਚਦਾ ਹਾਂ ਕਿ ਆਹ ਵਿਚਕਾਰਲੀ ਕੰਧ ਕੱਢ ਕੇ ਹੀ ਇਹ ਕੰਮ ਕਰਾਂ ।

ਭੈਣ: ਫੇਰ ਤਾਂ ਪੂਰਾ ਹਾਲ ਬਣ ਜਾਊ, ਕਿੱਡਾ ਕੁ ਹੈ ਨਾਲ ਦਾ ਕਮਰਾ ?

ਸੁਰਿੰਦਰ: ਚੱਲ ਉਹ ਵੀ ਵਖਾਂਦਾ ਹਾਂ । ਇਹ ਵੀ ਤਕਰੀਬਨ ਮੋਹਰਲੇ ਕਮਰੇ ਜਿੰਨਾ ਹੀ ਵੱਡਾ ਹੈ । ਆਹ ਚਿਮਨੀ ਵੀ ਕਢਾ ਦੇਣੀ ਐ ।

ਭੈਣ: ਕਦੋਂ ਕੁ ਛੇੜਨਾ ਹੈ ਇਹ ਕੰਮ ?

ਸੁਰਿੰਦਰ: ਬਸ ਸ਼ੁਰੂ ਹੀ ਸਮਝੋ । ਅਸਲ ਵਿੱਚ ਮੈਂ ਰਸੋਈ ਨੂੰ ਵਧਾ ਕੇ ਨਾਲ ਨਵਾਂ ਡਾਈਨਿੰਗ ਰੂਮ ਬਣਾਉਣ ਲਈ ਨਕਸ਼ਾ ਬਣਵਾਇਆ ਹੈ । ਅਗਲੇ ਹਫਤੇ ਤੱਕ ਪਾਸ ਹੋ ਕੇ ਆ ਜਾਵੇਗਾ । ਮੈਂ ਸੋਚਦਾ ਹਾਂ ਕਿ ਮਿੱਟੀ-ਘੱਟੇ ਦਾ ਸਾਰਾ ਕੰਮ ਇੱਕੋ ਬਾਰ ਹੀ ਨਿੱਬੜ ਜਾਵੇ ।

ਭੈਣ: ਫਿਰ ਤਾਂ ਬਹੁਤ ਖਰਚ ਕਰ ਰਿਹਾ ਹੈਂ । ਪਹਿਲਾਂ ਵੀ ਇਸ ਤੇ ਚੰਗੇ ਪੈਸੇ ਲੱਗੇ ਹੋਣਗੇ ?

ਸੁਰਿੰਦਰ: ਤਾਂਹੀਓਂ ਤਾਂ ਤੈਨੂੰ ਆਖਿਆ ਸੀ ਕਿ ਪੈਸਿਆਂ ਦੀ ਗੱਲ ਨਾ ਕਰ । ਪੈਸੇ ਤਾਂ ਅਜੇ ਲਗਣੇ ਨੇ । ਕਿਚਨ ਦੀ ਵੀ ਫਿਰ ਤੋਂ ਫਿਟਿੰਗ ਕਰਾਣੀ ਪੈਣੀ ਹੈ । ਬਾਹਰ ਪਿਛਲੇ ਗਾਰਡਨ ਦੀ ਫੈਂਸ ਵੀ ਗਈ ਗੁਜਰੀ ਹੈ । ਮੇਰੀ ਸਲਾਹ ਹੈ ਉਹ ਵੀ ਪੱਕੀ ਕੰਕਰੀਟ ਦੀਆਂ ਸਲੈਬਾਂ ਦੀ ਹੀ ਬਣਾ ਦੇਵਾਂ। ਲੱਕੜ ਦੀ ਤਾਂ ਟੁੱਟਦੀ ਗਲਦੀ ਹੀ ਰਹਿੰਦੀ ਹੈ ।

ਭੈਣ: ਅੱਛਾ ਪਹਿਲਾਂ ਤੂੰ ਮੈਨੂੰ ਆਪਣਾ ਗਾਰਡਨ ਹੀ ਵਖਾ । ਉਪਰਲੇ ਬੈਡੱ ਰੂਮ ਮੈਂ ਬਾਅਦ 'ਚ ਦੇਖਾਂਗੀ ।

ਸੁਰਿੰਦਰ: ਭੈਣ ਗਾਰਡਨ ਤਾਂ ਜ਼ਰੂਰ ਤੇਰੇ ਪਸੰਦ ਆਊ । ਚਲ, ਆਹ ਡੋਰ ਖੋਲ੍ਹ ।

ਭੈਣ: ਆਹ ਤਾਂ ਬਈ ਬਹੁਤ ਹੀ ਸੋਹਣਾ ਹੈ । ਗਾਰਡਨ ਤਾਂ ਅਸਲੀ ਇਹ ਹੈ । ਤੇ ਵੱਡਾ ਵੀ ਸੁੱਖ ਨਾਲ ਕਾਫੀ ਹੈ ।

ਸੁਰਿੰਦਰ; ਇਹ ਘਰ ਮੈਂ ਜਿਨ੍ਹਾਂ ਤੋਂ ਲਿਆ ਹੈ, ਉਹ ਦੋਵੇਂ ਬੁੱਢੇ ਗੋਰਾ ਗੋਰੀ ਨੂੰ ਗਾਰਡਨ ਦਾ ਬਹੁਤ ਸ਼ੌਕ ਸੀ। ਬਸ ਹਰ ਵੇਲੇ ਇਸ ਦੀ ਦੇਖ ਭਾਲ ਤੇ ਲੱਗੇ ਰਹਿੰਦੇ ਸਨ । ਲਗ ਭਗ ਹਰ ਤਰ੍ਹਾਂ ਦੇ ਫਲ ਤੇ ਚਾਰ ਫੁੱਲਾਂ ਵਾਲੀਆਂ ਝਾੜੀਆਂ ਵੀ ਹਨ । ਇਸ ਵਿੱਚ ਮੈਂ ਅਜੇ ਕੁਝ ਨਹੀਂ ਕੀਤਾ ਸਿਰਫ ਘਾਹ ਹੀ ਕੱਟਿਆ ਹੈ ਇੱਕ ਵਾਰੀ ।

ਭੈਣ: ਤੇ ਘਾਹ ਵਾਲੀ ਥਾਂ ਵੀ ਕਾਫੀ ਖੁੱਲ੍ਹੀ ਪੱਧਰੀ ਹੈ । ਆਹ ਦਰੱਖਤ ਕਾਹਦੇ ਨੇ ?

ਸੁਰਿੰਦਰ: ਮੈਨੂੰ ਤਾਂ ਆਪ ਬਹੁਤ ਪਤਾ ਨਹੀਂ । ਗੋਰੀ ਦੱਸਦੀ ਸੀ – ਔਹ ਦੋ ਬੂਟੇ ਐਪਲਾਂ ਤੇ ਪੀਅਰ ਦੇ ਹਨ ਤੇ ਇੱਕ ਪਿੱਛੇ ਵੱਡਾ ਸਾਰਾ ਚੈਰੀ ਦਾ ਹੈ । ਤੇ ਇਧਰ ਆਹ ਪਤਾ ਨਹੀਂ ਕਾਹਦਾ ।

ਭੈਣ: ਫਿਰ ਹੁਣ ਫਰੂਟ ਤਾਂ ਲੈਣ ਦੀ ਲੋੜ ਨਹੀਂ । ਤੇਰੇ ਕੋਲੋਂ ਹੀ ਲੈ ਜਾਇਆ ਕਰਾਂਗੇ ।

ਸੁਰਿੰਦਰ: ਹਾਂ ਹਾਂ ਕਿਉਂ ਨਹੀਂ ।

**Task:** (i) The above conversation may be used for loud reading practice between two students.

(ii) Make a list of English words commonly used in this conversation.

# ਵਾਰਤਾਲਾਪ - ੨ (Dialogue)

Your elder brother (Raji who is a university student and lives away in a house with his friends) is having conversation with your mother. Imagine that you are sitting nearby and listening to the conversation.

ਮੰਮੀ: ਰਾਜੀ ਤੁਸੀਂ ਕਿੰਨੇ ਜਣੇ ਰਹਿੰਦੇ ਹੋ ਮਕਾਨ ਵਿੱਚ ?

ਰਾਜੀ: ਚਾਰ ਜਣੇ ।

ਮੰਮੀ: ਅੱਛਾ ਇਹ ਦੱਸ ਕਿ ਤੁਹਾਡਾ ਖਾਣ ਪੀਣ ਦਾ ਕੀ ਇੰਤਜ਼ਾਮ ਹੈ ?

ਰਾਜੀ: ਸਵੇਰ ਦਾ ਬ੍ਰੇਕਫਾਸਟ ਘਰੋਂ ਕਰਕੇ ਜਾਈਦਾ ਹੈ, ਤੇ ਦੁਪਹਿਰ ਦਾ ਲੰਚ ਆਮ ਕਰਕੇ ਕਾਲਜ ਦੀ ਰਿਫੈਕਟਰੀ ਵਿੱਚ ਹੀ ਕਰੀਦਾ ਹੈ । ਕਦੀ ਕਦਾਈ ਜੇ ਦੇਰ ਨਾਲ ਉਠੀਏ ਤਾਂ ਬ੍ਰੇਕਫਾਸਟ ਕਰਦੇ ਹੀ ਨਹੀ; ਬਿਨਾਂ ਕੁਝ ਖਾਧੇ ਪੀਤੇ ਹੀ ਕਾਲਜ ਨੂੰ ਦੌੜ ਜਾਈਦਾ ਹੈ, ਫਿਰ ਉੱਥੇ ਜਾ ਕੇ ਹੀ ਕੁਝ ਖਾ ਲਈਦਾ ਹੈ ।

ਮੰਮੀ: ਬ੍ਰੇਕਫਾਸਟ ਲਈ ਕੀ ਖਾਂਦਾ ਪੀਂਦਾ ਏਂ ਤੂੰ ?

ਰਾਜੀ: ਬਸ ਕਦੀ ਦੁੱਧ ਤੇ ਕਾਰਨਫਲੇਕਸ, ਕਦੀ ਆਂਡੇ ਤੇ ਟੋਸਟ ਆਦਿ । ਕਦੀ ਕਦਾਈ ਜੀਅ ਕਰਦਾ ਹੈ ਪਰਾਉਠਾ ਵੀ ਬਣਾਈਏ, ਪਰ ਸਾਡੇ ਵਿੱਚ ਕੋਈ ਵੀ ਐਕਸਪਰਟ ਨਹੀਂ ਤੇ ਨਾ ਹੀ ਅਸੀਂ ਅਜੇ ਆਟਾ ਮੁਲ ਲਿਆ ਹੈ ।

ਮੰਮੀ: ਫਿਰ ਤਾਂ ਤੁਸੀਂ ਸਾਰੇ ਹੀ ਬੜੇ ਹੀ ਸੁਸਤ ਹੋ, ਜੇ ਆਟਾ ਨਹੀਂ ਤਾਂ ਰੋਟੀਆਂ ਕਿਵੇਂ ਬਣਾਉਂਦੇ ਹੋ?

ਰਾਜੀ: ਰੋਟੀ ਦੀ ਥਾਂ ਅਸੀਂ ਬ੍ਰੈਡ ਖਾ ਲੈਂਦੇ ਹਾਂ । ਕਈ ਵਾਰੀ ਦੁਕਾਨ ਤੋਂ ਪੈਕਟ ਬਣੀਆਂ ਬਣਾਈਆਂ ਰੋਟੀਆਂ ਦਾ ਖਰੀਦ ਲਿਆਉਂਦੇ ਹਾਂ । ਘਰ ਸਬਜ਼ੀ ਨਾਲ ਖਾ ਲੈਂਦੇ ਹਾਂ ।

ਮੰਮੀ: ਦਾਲ ਸਬਜ਼ੀ ਕੀ ਕੀ ਬਣਾਉਂਦੇ ਹੋ ?

ਰਾਜੀ: ਬਸ ਬੇਕਡ ਬੀਨਜ਼ ਦੇ ਟਿੰਨ ਖੋਲ੍ਹ ਲੈਂਦੇ ਹਾਂ ।

ਮੰਮੀ: ਉਹ ਕਿਵੇਂ ਬਣਾਉਂਦੇ ਹੋ ?

ਰਾਜੀ: ਬਸ ਪਿਆਜ਼ ਭੁੰਨ ਕੇ ਦੋ ਟਿੰਨ ਬੀਨਜ਼ ਤੇ ਲੂਣ ਮਿਰਚ ਪਾ ਕੇ ਬਣਾ ਲੈਂਦੇ ਹਾਂ ।

ਮੰਮੀ: ਬੀਨਜ਼ ਵੀ ਕੋਈ ਸਬਜ਼ੀ ਹੈ । ਇਸ ਨਾਲੋਂ ਤਾਂ ਮਸਰਾਂ ਦੀ ਦਾਲ ਬਣਾ ਲਿਆ ਕਰੋ । ਬਸ ਪਾਣੀ ਵਿੱਚ ਦਾਲ ਉਬਾਲਣੀ ਹੈ ਤੇ ਲੂਣ ਮਿਰਚ ਪਾਉਣਾ ਹੈ ।

ਰਾਜੀ: ਦਾਲ ਤਾਂ ਸੂਪ ਜਿਹੀ ਹੀ ਹੁੰਦੀ ਹੈ । ਮੈਂ ਤਾਂ ਕੋਈ ਸਬਜ਼ੀ ਬਣਾਉਣੀ ਸਿੱਖਣੀ ਚਾਹੁੰਦਾ ਹਾਂ, ਜਿਵੇਂ ਕਿ ਮਟਰ ਪਨੀਰ ।

ਮੰਮੀ: ਮਟਰ ਪਨੀਰ ਨਾਲੋਂ ਆਲੂ ਗੋਭੀ ਬਣਾਉਣੀ ਹੋਰ ਵੀ ਸੁਖਾਲੀ ਹੈ ।

ਰਾਜੀ: ਹਾਂ ਮੰਮੀ, ਉਹ ਦੱਸੋ । ਮੈਂ ਐਤਕੀਂ ਜਾ ਕੇ ਆਲੂ ਗੋਭੀ ਹੀ ਬਣਾਵਾਂਗਾ ।

ਮੰਮੀ: ਬਸ ਇੱਕ ਫੁੱਲ ਗੋਭੀ ਦਾ ਕੱਟ ਲਵੋ ਤੇ ਇੱਕ ਪੌਂਡ ਆਲੂ ਛਿਲ ਕੇ ਕੱਟ ਲਵੋ । ਫਿਰ ਮਸਾਲਾ ਤਿਆਰ ਕਰਨ ਲਈ ਇੱਕ ਵੱਡਾ ਪਿਆਜ਼ ਬ੍ਰੀਕ ਕੱਟ ਕੇ ਤੇਲ ਜਾਂ ਮਾਰਜ੍ਰੀਨ ਵਿੱਚ ਭੁੰਨ ਲਵੋ । ਦੋ ਵੱਡੇ ਚਮਚੇ ਕਾਫੀ ਹਨ । ਵਿੱਚ ਜੇ ਚਾਹੋ ਤਾਂ ਕੁਝ ਅਧਰਕ ਤੇ ਦੋ ਪੋਥੀਆਂ ਲਸਣ ਵੀ ਬ੍ਰੀਕ ਕੱਟ ਕੇ ਪਾ ਲਵੋ । ਜਦੋਂ ਪਤੀਲੇ ਵਿੱਚ ਪਿਆਜ਼ ਆਦਿ ਚੰਗੀ ਤਰ੍ਹਾਂ ਭੁੰਨੇ ਜਾਣ ਜਾਂ ਬਰਾਉਨ ਜਿਹੇ ਦਿਸਣ ਤਾਂ ਕੱਟੀ ਹੋਈ ਆਲੂ ਗੋਭੀ ਨੂੰ ਚੰਗੀ ਤਰ੍ਹਾਂ ਪਾਣੀ ਵਿੱਚ ਧੋ ਕੇ, ਵਿੱਚ ਪਾ ਦੇਵੋ । ਨਾਲ ਹੀ ਛੋਟਾ ਡੇਢ ਚਮਚਾ ਲੂਣ, ਅੱਧਾ ਚਮਚਾ ਹਲਦੀ ਤੇ ਅੱਧਾ ਚਮਚਾ ਗਰਮ ਮਸਾਲਾ ਪਾਵੋ। ਫਿਰ ਸੱਭ ਕੁਝ ਨੂੰ ਕੜਛੀ ਨਾਲ ਚੰਗੀ ਤਰ੍ਹਾਂ ਪਹਿਲੇ ਭੁੰਨੇ ਹੋਏ ਪਿਆਜ਼ ਵਿੱਚ ਮਿਕਸ ਕਰ ਦੇਵੋ, ਤੇ ਢੱਕਣ ਲਾ ਕੇ, ਵੀਹ ਮਿੰਟ ਮੱਠੀ ਅੱਗ ਤੇ ਭੁਜਣ ਦੇਵੋ । ਵਿੱਚ ਵਿਚਾਲੇ ਦੋ ਤਿੰਨ ਵਾਰੀ ਕੜਛੀ ਨਾਲ ਹਲਾਉਂਦੇ ਰਹੋ । ਇੱਕ ਤਾਂ ਸੇਕ ਸਾਰੀ ਸਬਜ਼ੀ ਨੂੰ ਇੱਕੋ ਜਿਹਾ ਲੱਗਦਾ ਹੈ ਤੇ ਦੂਜੇ ਪਤੀਲੇ ਦੇ ਥੱਲੇ ਨਾਲ ਵੀ ਨਹੀਂ ਲਗਦੀ । ਨਹੀਂ ਤਾਂ ਹੇਠਲੀ ਸਬਜ਼ੀ ਸੜ ਜਾਂਦੀ ਹੈ ।

ਰਾਜੀ: ਮੰਮੀ, ਇਹ ਤਾਂ ਮੈਨੂੰ ਪਤਾ ਲੱਗ ਗਿਆ । ਮੈਂ ਸਾਰਾ ਤਰੀਕਾ ਰੈਸਪੀ ਲਿਖ ਕੇ ਰੱਖ ਲਵਾਂਗਾ । ਕਿਸੇ ਹੋਰ ਸਬਜ਼ੀ ਬਾਰੇ ਵੀ ਦੱਸੋ ਜੋ ਇਸੇ ਤਰ੍ਹਾਂ ਸੁਖਾਲੀ ਹੋਵੇ ਬਣਾਉਣ ਵਿੱਚ ।

ਮੰਮੀ: ਆਹੋ ਕਈ ਹਨ , ਆਲੂ ਬਤਾਊਂ ਦੀ ਸਬਜ਼ੀ ਜਾਂ ਆਲੂ ਗਾਜਰ ਜਾਂ ਸ਼ਲਗਮ ਗਾਜਰ । ਕੋਈ ਵੀ ਬਣਾ ਲਵੋ ।

ਰਾਜੀ: ਸ਼ਲਗਮ ਗਾਜਰ ਦੀ ਸਬਜ਼ੀ ਕਿਵੇਂ ਬਣਦੀ ਹੈ ?

ਮੰਮੀ: ਉਵੇਂ ਹੀ ਜਿਵੇਂ ਆਲੂ ਗੋਭੀ ਦੀ । ਬਸ ਗਾਜਰਾਂ ਤੇ ਸ਼ਲਗਮਾਂ ਨੂੰ ਛਿਲ ਕੇ ਨਿੱਕਾ ਨਿੱਕਾ ਕੱਟ ਲਵੋ । ਫਿਰ ਪਤੀਲੇ ਵਿੱਚ ਪਿਆਜ਼ ਭੁੰਨ ਕੇ ਕੱਟੀ ਹੋਈ ਸਬਜ਼ੀ ਨੂੰ ਪਾਣੀ ਵਿੱਚ ਧੋ ਕੇ ਪਤੀਲੇ ਵਿੱਚ ਮਿਕਸ ਕਰ ਦੇਵੋ । ਲੂਣ, ਹਲਦੀ ਤੇ ਮਿਰਚਾਂ ਨੂੰ ਵੀ ਨਾਲ ਪਾਉਣਾ ਨਹੀਂ ਭੁਲਣਾ । ਜੇ ਕਰ ਗਾਜਰਾਂ ਨੂੰ ਸ਼ਲਗਮਾਂ ਨਾਲੋਂ ਪੰਜ ਮਿੰਟ ਪਹਿਲਾਂ ਪਾ ਦੇਵੋ ਤਾਂ ਹੋਰ ਵੀ ਚੰਗਾ ਹੈ । ਕਿਉਂਕਿ ਗਾਜਰਾਂ ਸਖਤ ਹੁੰਦੀਆਂ ਹਨ ਤੇ ਰਿੱਝਣ ਵਿੱਚ ਜ਼ਿਆਦਾ ਸਮਾਂ ਲੈਂਦੀਆਂ ਹਨ ।

ਰਾਜੀ: ਬਸ ਠੀਕ ਹੈ, ਹੁਣ ਮੈਨੂੰ ਸਾਰਾ ਪਤਾ ਲਗ ਗਿਆ ।

ਮੰਮੀ: ਅੱਛਾ ਫੇਰ ਤਾਂ ਚੰਗੀ ਗੱਲ ਹੈ । ਅੱਜ ਸ਼ਾਮ ਨੂੰ ਆਲੂ ਗੋਭੀ ਦੀ ਸਬਜ਼ੀ ਤੂੰ ਹੀ ਬਣਾਈ । ਤੇਰੀ ਪ੍ਰੈਕਟਸ ਹੋ ਜਾਵੇ ਗੀ ਤੇ ਮੈਨੂੰ ਛੁੱਟੀ ।

**Task:** (i) The above conversation may be used for loud reading practice between two students.

(ii) Make a list of your favourite vegetables and discuss with your friends in Panjabi.

# ਧਸ ਗੁਰੂਆਂ ਦੇ ਨਾਮ

| | | ਜੀਵਨ ਕਾਲ |
|---|---|---|
| ੧. | ਪਹਿਲੇ ਗੁਰੂ ਜੀ ਦਾ ਨਾਮ | (੧੪੬੯ - ੧੫੩੯) |
| | ਗੁਰੂ **ਨਾਨਕ ਦੇਵ** ਜੀ ਹੈ । | ( 1469 - 1539 ) |
| ੨. | ਦੂਜੇ ਗੁਰੂ ਜੀ ਦਾ ਨਾਮ | (੧੫੦੪ - ੧੫੫੨) |
| | ਗੁਰੂ **ਅੰਗਦ ਦੇਵ** ਜੀ ਹੈ । | ( 1504 - 1552 ) |
| ੩. | ਤੀਜੇ ਗੁਰੂ ਜੀ ਦਾ ਨਾਮ | (੧੪੭੯ - ੧੫੭੪) |
| | ਗੁਰੂ **ਅਮਰ ਦਾਸ** ਜੀ ਹੈ । | ( 1479 - 1574 ) |
| ੪. | ਚੌਥੇ ਗੁਰੂ ਜੀ ਦਾ ਨਾਮ | (੧੫੩੪ - ੧੫੮੧) |
| | ਗੁਰੂ **ਰਾਮ ਦਾਸ** ਜੀ ਹੈ । | ( 1534 - 1581 ) |
| ੫. | ਪੰਜਵੇਂ ਗੁਰੂ ਜੀ ਦਾ ਨਾਮ | (੧੫੬੩ - ੧੬੦੬) |
| | ਗੁਰੂ **ਅਰਜਨ ਦੇਵ** ਜੀ ਹੈ । | ( 1563 - 1606 ) |
| ੬. | ਛੇਵੇਂ ਗੁਰੂ ਜੀ ਦਾ ਨਾਮ | (੧੫੯੫ - ੧੬੪੪) |
| | ਗੁਰੂ **ਹਰਗੋਬਿੰਦ** ਜੀ ਹੈ । | ( 1595 - 1644 ) |
| ੭. | ਸੱਤਵੇਂ ਗੁਰੂ ਜੀ ਦਾ ਨਾਮ | (੧੬੩੦ - ੧੬੬੧) |
| | ਗੁਰੂ **ਹਰ ਰਾਏ** ਜੀ ਹੈ । | ( 1630 - 1661 ) |
| ੮. | ਅੱਠਵੇਂ ਗੁਰੂ ਜੀ ਦਾ ਨਾਮ | (੧੬੫੬ - ੧੬੬੪) |
| | ਗੁਰੂ **ਹਰ ਕ੍ਰਿਸ਼ਨ** ਜੀ ਹੈ । | ( 1656 - 1664 ) |
| ੯. | ਨੌਂਵੇਂ ਗੁਰੂ ਜੀ ਦਾ ਨਾਮ | (੧੬੨੧ - ੧੬੭੫) |
| | ਗੁਰੂ **ਤੇਗ ਬਹਾਦਰ** ਜੀ ਹੈ । | ( 1621 - 1675 ) |
| ੧੦. | ਦਸਵੇਂ ਗੁਰੂ ਜੀ ਦਾ ਨਾਮ | (੧੬੬੬ - ੧੭੦੮) |
| | ਗੁਰੂ **ਗੋਬਿੰਦ ਸਿੰਘ** ਜੀ ਹੈ । | ( 1666 - 1708 ) |

**Task :-** Now copy this page in your own exercise book or on a large sheet of paper for your classroom.

# ਪੰਜ ਪਿਆਰੇ

ਸਿੱਖ ਧਰਮ ਵਿੱਚ ਪੰਜ ਦੇ ਅੰਕ ਨੂੰ ਬਹੁਤ ਸਤਿਕਾਰ ਦਿੱਤਾ ਜਾਂਦਾ ਹੈ । ਜਿਵੇਂ ਕਿ ਪੰਜ ਪਿਆਰੇ, ਪੰਜ ਕੱਕਾਰ, ਪੰਜ ਤਖਤ, ਪੰਜ ਗਰੰਥੀ ਅਤੇ ਪੰਜ ਬਾਣੀਆਂ ਆਦਿ ।

ਸੰਨ 1699 ਵਿੱਚ ਜਦੋਂ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾ ਪੰਥ ਸਾਜਿਆ ਤਾਂ ਸਭ ਤੋਂ ਪਹਿਲਾਂ ਉਹਨਾਂ ਨੇ ਪੰਜ ਸਿੱਖਾਂ ਨੂੰ ਆਪਣਾ ਸੀਸ ਤਲਵਾਰ ਦੀ ਭੇਟ ਕਰਨ ਲਈ ਵੰਗਾਰਿਆ । ਜੋ ਧਰਮੀ ਸਿੱਖ ਐਸਾ ਕਰਨ ਲਈ ਅੱਗੇ ਆਏ, ਉਹਨਾਂ ਨੂੰ ਗੁਰੂ ਜੀ ਨੇ ਅੰਮ੍ਰਿਤ ਛਕਾ ਕੇ 'ਪੰਜ ਪਿਆਰੇ' ਆਖਿਆ । ਉਹਨਾਂ ਪੰਜ ਪਿਆਰਿਆਂ ਦੇ ਨਾਮ ਇਹ ਹਨ:

ਭਾਈ **ਦਿਯਾ ਸਿੰਘ** ਜੀ

ਭਾਈ **ਧਰਮ ਸਿੰਘ** ਜੀ

ਭਾਈ **ਹਿੰਮਤ ਸਿੰਘ** ਜੀ

ਭਾਈ **ਮੋਹਕਮ ਸਿੰਘ** ਜੀ

ਭਾਈ **ਸਾਹਿਬ ਸਿੰਘ** ਜੀ

ਇਹ ਪੰਜ ਸਭ ਤੋਂ ਪਹਿਲੇ ਅੰਮ੍ਰਿਤਧਾਰੀ ਸਿੱਖ ਸਨ । ਅੰਮ੍ਰਿਤਧਾਰੀ ਸਿੱਖ ਉਹ ਹੈ ਜਿਸ ਨੇ ਅੰਮ੍ਰਿਤ ਛਕਿਆ ਹੋਵੇ । ਅੰਮ੍ਰਿਤ ਇੱਕ ਵਿਸ਼ੇਸ਼ ਤਰੀਕੇ ਨਾਲ ਤਿਆਰ ਕੀਤਾ ਮਿੱਠਾ ਪਾਣੀ ਹੈ । ਇਸ ਨੂੰ ਪੰਜ ਪਿਆਰੇ ਹੀ ਗੁਰੂ ਗਰੰਥ ਸਾਹਿਬ ਦੀ ਹਜ਼ੂਰੀ ਵਿੱਚ ਤਿਆਰ ਕਰਦੇ ਅਤੇ ਛਕਾਉਂਦੇ ਹਨ । ਅੰਮ੍ਰਿਤ ਬਾਰੇ ਹੋਰ ਜਾਣਕਾਰੀ ਤੁਸੀਂ ਅਗਲੀ ਕਿਤਾਬ ਵਿੱਚ ਪੜ੍ਹੋਗੇ ।

ਅੱਜ ਕੱਲ੍ਹ ਜਦੋਂ ਵੀ ਕਿਸੇ ਕੰਮ ਲਈ ਪੰਜ ਅੰਮ੍ਰਿਤਧਾਰੀ ਸਿੱਖ ਇੱਕਠੇ ਹੋਣ ਤਾਂ ਉਹਨਾਂ ਨੂੰ 'ਪੰਜ ਪਿਆਰੇ' ਕਿਹਾ ਜਾਂਦਾ ਹੈ । ਸਿੱਖ ਧਰਮ ਵਿੱਚ ਪੰਜ ਪਿਆਰਿਆਂ ਨੂੰ ਬਹੁਤ ਸਤਿਕਾਰ ਦਿੱਤਾ ਜਾਂਦਾ ਹੈ। ਜੇਕਰ ਆਪਸ ਵਿੱਚ ਕੋਈ ਝਗੜਾ ਹੋਵੇ ਤਾਂ ਉਹਨਾਂ ਦੀ ਸਾਂਝੀ ਵਿਚਾਰੀ ਗੱਲ ਮੰਨ ਲਈ ਜਾਂਦੀ ਹੈ।

ਮਰਦਾਂ ਵਾਂਗ ਇਸਤਰੀਆਂ ਵੀ ਅੰਮ੍ਰਿਤਧਾਰੀ ਹੁੰਦੀਆਂ ਹਨ । ਉਹ ਵੀ ਪੰਜ ਪਿਆਰਿਆਂ ਵਿੱਚ ਸ਼ਾਮਲ ਹੋ ਸਕਦੀਆਂ ਹਨ । ਪ੍ਰੰਤੂ ਜਦੋਂ ਅਸੀਂ ਅਰਦਾਸ ਕਰਦੇ ਸਮੇਂ 'ਪੰਜ ਪਿਆਰਿਆਂ' ਨੂੰ ਯਾਦ ਕਰਦੇ ਹਾਂ ਤਾਂ ਉਹ ਕੇਵਲ ਉਹ ਹੀ ਪੰਜ ਸਿੱਖ ਹਨ ਜਿਹਨਾਂ ਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਅੰਮ੍ਰਿਤ ਛਕਾਇਆ ਸੀ ਤੇ ਜਿਹਨਾਂ ਦੇ ਨਾਮ ਉੱਪਰ ਦਿੱਤੇ ਗਏ ਹਨ ।

**Task:-** Ask your teacher to tell the story about the birth of Khalsa in 1699.

## ਪੰਜ ਪਿਆਰੇ



## ਚਾਰ ਸਾਹਿਬਜ਼ਾਦੇ









# ਚਾਰ ਸਾਹਿਬਜ਼ਾਦੇ

ਸਾਹਿਬਜ਼ਾਦੇ ਨੂੰ ਅੰਗਰੇਜ਼ੀ ਵਿੱਚ 'ਪ੍ਰਿੰਸ' ਆਖਦੇ ਹਨ । ਗੁਰੂ ਗੋਬਿੰਦ ਸਿੰਘ ਜੀ ਦੇ ਚਾਰ ਪੁੱਤਰ ਸਨ । ਉਹਨਾਂ ਨੂੰ ਚਾਰ ਸਾਹਿਬਜ਼ਾਦੇ ਕਹਿ ਕੇ ਯਾਦ ਕੀਤਾ ਜਾਂਦਾ ਹੈ । ਉਹਨਾਂ ਦੇ ਨਾਮ ਇਹ ਹਨ:

ਬਾਬਾ **ਅਜੀਤ ਸਿੰਘ** ਜੀ

ਬਾਬਾ **ਜੁਝਾਰ ਸਿੰਘ** ਜੀ

ਬਾਬਾ **ਜ਼ੋਰਾਵਰ ਸਿੰਘ** ਜੀ

ਬਾਬਾ **ਫਤੇਹ ਸਿੰਘ** ਜੀ


ਆਮ ਕਰਕੇ ਬੁੱਢੇ ਜਾਂ ਬਜ਼ੁੱਰਗ ਲੋਕ ਕਾਫੀ ਸਿਆਣੇ ਹੁੰਦੇ ਹਨ । ਇਸ ਲਈ ਉਹਨਾਂ ਨੂੰ ਹੋਰ ਸਤਿਕਾਰ ਦੇਣ ਲਈ 'ਬਾਬਾ' ਜਾਂ 'ਬਾਬਾ ਜੀ' ਕਹਿ ਕੇ ਬੁਲਾਇਆ ਜਾਂਦਾ ਹੈ । ਕਈ ਲੋਕ ਗੁਰੂ ਨਾਨਕ ਦੇਵ ਜੀ ਨੂੰ ਬਾਬਾ ਨਾਨਕ ਕਹਿ ਕੇ ਯਾਦ ਕਰਦੇ ਹਨ । ਇਸੇ ਤਰ੍ਹਾਂ ਗੁਰੂ ਗਰੰਥ ਸਾਹਿਬ ਜੀ ਨੂੰ ਕਦੇ ਕਦੇ 'ਬਾਬਾ ਜੀ' ਵੀ ਆਖਦੇ ਹਾਂ । ਸੋ ਇਸ ਤਰ੍ਹਾਂ 'ਬਾਬਾ' ਸ਼ਬਦ ਸਤਿਕਾਰ ਲਈ ਵਰਤਿਆ ਜਾਂਦਾ ਹੈ ।

ਗੁਰੂ ਗੋਬਿੰਦ ਸਿੰਘ ਜੀ ਦੇ ਚਾਰ ਸਾਹਿਬਜ਼ਾਦਿਆਂ ਨੂੰ ਅਸੀਂ ਬੜੇ ਸਤਿਕਾਰ ਨਾਲ ਅਰਦਾਸ ਵਿੱਚ ਯਾਦ ਕਰਦੇ ਹਾਂ । ਉਹਨਾਂ ਦੇ ਨਾਮ ਨਾਲ 'ਬਾਬਾ' ਇਸ ਲਈ ਵਰਤਦੇ ਹਾਂ ਕਿਉਂਕਿ ਉਹਨਾਂ ਨੇ ਛੋਟੀ ਉਮਰ ਵਿੱਚ ਹੀ ਜੋ ਕੁਰਬਾਨੀ ਦਿੱਤੀ, ਉਹਨਾਂ ਨੂੰ ਕੋਈ ਵੀ ਸਿੱਖ ਭੁੱਲ ਨਹੀਂ ਸਕਦਾ । ਇਹ ਗੱਲ ਓਦੋਂ ਦੀ ਹੈ ਜਦੋਂ ਮੁਗਲ ਫੌਜਾਂ ਨੇ ਗੁਰੂ ਗੋਬਿੰਦ ਸਿੰਘ ਜੀ ਨੂੰ ਚਮਕੌਰ ਦੀ ਗੜ੍ਹੀ ਵਿੱਚ ਘੇਰ ਲਿਆ ਸੀ । ਦੋਵੇਂ ਵੱਡੇ ਸਾਹਿਬਜ਼ਾਦੇ ਆਪਣੇ ਪਿਤਾ ਅਤੇ ਧਰਮ ਦੀ ਰੱਖਿਆ ਲਈ ਬਾਕੀ ਸਿੰਘਾਂ ਨਾਲ ਰਲ੍ਹ ਕੇ ਦੁਸ਼ਮਨ ਦਾ ਮੁਕਾਬਲਾ ਕਰਦੇ ਰਹੇ ਅਤੇ ਆਖਿਰ ਸ਼ਹੀਦ ਹੋ ਗਏ ।

ਇਸੇ ਤਰ੍ਹਾਂ ਉਹਨਾਂ ਦਿਨਾਂ ਵਿੱਚ ਹੀ ਦੋਵੇਂ ਛੋਟੇ ਸਾਹਿਬਜ਼ਾਦਿਆਂ ਨੂੰ ਸਰਹੰਦ ਦੇ ਸੂਬੇਦਾਰ ਨੇ ਫੜ ਲਿਆ ਸੀ । ਉਹਨਾਂ ਨੂੰ ਸਿੱਖ ਧਰਮ ਛੱਡ ਕੇ ਮੁਸਲਮਾਨ ਬਣਨ ਲਈ ਬਹੁਤ ਲਾਲਚ ਦਿੱਤਾ ਗਿਆ । ਪਰ ਉਹ ਨਾ ਮੰਨੇ । ਅਖੀਰ ਗੁੱਸੇ ਵਿੱਚ ਆਏ ਸੂਬੇਦਾਰ ਨੇ ਉਹਨਾਂ ਨੂੰ ਜਿਉਂਦਿਆਂ ਹੀ ਕੰਧ ਵਿੱਚ ਚਿਣਵਾ ਕੇ ਸ਼ਹੀਦ ਕਰ ਦਿੱਤਾ । ਉਸ ਵੇਲੇ ਇਨ੍ਹਾਂ ਚਾਰਾਂ ਸਾਹਿਬਜ਼ਾਦਿਆਂ ਵਿੱਚੋਂ ਸੱਭ ਤੋਂ ਵੱਡੇ ਅਜੀਤ ਸਿੰਘ ਦੀ ਉਮਰ ਲੱਗ ਭੱਗ 17 ਸਾਲ ਸੀ ਅਤੇ ਸੱਭ ਤੋਂ ਛੋਟੇ ਫਤੇਹ ਸਿੰਘ ਦੀ ਉਮਰ ਮਸਾਂ 7 ਸਾਲ ਸੀ ।

**Task:** Copy the drawings of '*Panj Piaray*' and '*Char Sahibzaday*' on a poster and write their names under each drawing.

## ਪੰਜ ਕੱਕਾਰ



## ਪੰਜ ਕੱਕਾਰ

ਹਰ ਅੰਮ੍ਰਿਤਧਾਰੀ ਸਿੱਖ ਪੰਜ ਕੱਕਾਰ ਰੱਖਦਾ ਹੈ । ਕੱਕਾਰ ਇਹ ਹਨ :-

**ਕੇਸ**

**ਕੰਘਾ**

**ਕੜਾ**


**ਕੱਛ**


**ਕਿਰਪਾਨ**


## ਚਾਰ ਕੁਰਹਿਤਾਂ


ਹਰ ਅੰਮ੍ਰਿਤਧਾਰੀ ਸਿੱਖ ਚਾਰ ਗੱਲਾਂ ਛੱਡਦਾ ਹੈ । ਇਹ ਚਾਰ ਕੁਰਹਿਤਾਂ ਹਨ :-

- **ਸਰੀਰ ਦੇ ਕਿਸੇ ਵੀ ਹਿੱਸੇ ਦੇ ਵਾਲ ਕਟਣੇ**
- **ਸਿਗਰਟ ਤੰਬਾਕੂ ਜਾਂ ਕੋਈ ਹੋਰ ਨਸ਼ੇ ਵਰਤਣੇ**
- **ਹਲਾਲ ਕੀਤਾ ਹੋਇਆ ਮਾਸ ਖਾਣਾ**
- **ਪਰਾਈ ਇਸਤਰੀ ਜਾਂ ਮਰਦ ਨਾਲ ਸੌਣਾ**


Takht Sri Harmandir Patna Sahib, (Bihar)


Takht Sri Kesgarh Sahib, Anandpur (Punjab)


Sri Akal Takht Sahib, Amritsar (Punjab)


Takht Sri Damdama Sahib, Talwandi Sabo (Punjab)


Takht Sri Hazur Sahib, Nanded (Maharashtra)

# ਪੰਜ ਤਖਤ

ਹਰ ਸਿੱਖ ਨੂੰ ਪੰਜ ਤਖਤਾਂ ਦੀ ਯਾਤਰਾ ਕਰਨੀ ਚਾਹੀਦੀ ਹੈ ।

ਪੰਜ ਤਖਤ ਇਹ ਹਨ:-

| | | | |
|---|---|---|---|
| ਸ੍ਰੀ **ਅਕਾਲ ਤਖਤ ਸਾਹਿਬ** ਜੀ | 1 | - | ਅੰਮ੍ਰਿਤਸਰ |
| ਸ੍ਰੀ **ਪਟਨਾ ਸਾਹਿਬ** ਜੀ | 2 | - | ਪਟਨਾ |
| ਸ੍ਰੀ **ਕੇਸ ਗੜ੍ਹ ਸਾਹਿਬ** ਜੀ | 3 | - | ਅਨੰਦ ਪੁਰ |
| ਸ੍ਰੀ **ਦਮਦਮਾ ਸਾਹਿਬ** ਜੀ | 4 | - | ਤਲਵੰਡੀ ਸਾਬੋ |
| ਸ੍ਰੀ **ਹਜ਼ੂਰ ਸਾਹਿਬ** ਜੀ | 5 | - | ਨੰਦੇੜ |

# ਪੰਜ ਬਾਣੀਆਂ

ਹਰ ਅੰਮ੍ਰਿਤਧਾਰੀ ਸਿੱਖ ਹਰ ਰੋਜ਼ ਪੰਜ ਬਾਣੀਆਂ ਦਾ ਪਾਠ ਕਰਦਾ ਹੈ । ਤਿੰਨ ਬਾਣੀਆਂ ਦਾ ਪਾਠ ਸਵੇਰੇ ਕਰਦਾ ਹੈ ਤੇ ਦੋ ਦਾ ਸ਼ਾਮ ਨੂੰ ।

ਸਵੇਰ ਵੇਲੇ ਦੀਆਂ ਬਾਣੀਆਂ:-

**ਜਪੁਜੀ ਸਾਹਿਬ**

**ਜਾਪ ਸਾਹਿਬ**

**ਸਵਯੀਏ**

ਸ਼ਾਮ ਵੇਲੇ ਦੀਆਂ ਬਾਣੀਆਂ:-

**ਰਹਿਰਾਸ ਸਾਹਿਬ**

**ਕੀਰਤਨ ਸੋਹਿਲਾ**



# ਸੱਚਾ ਸੌਦਾ

ਜਦੋਂ ਗੁਰੂ ਨਾਨਕ ਦੇਵ ਜੀ ਕੁਝ ਵੱਡੇ ਹੋਏ ਤਾਂ ਉਹਨਾਂ ਦੇ ਪਿਤਾ ਜੀ ਨੇ ਉਹਨਾਂ ਨੂੰ ਕਿਸੇ ਕੰਮ ਧੰਧੇ ਵਿੱਚ ਲਾਉਣਾ ਚਾਹਿਆ । ਉਹਨਾਂ ਦੇ ਪਿਤਾ ਜੀ ਨੇ ਸੋਚਿਆ ਕਿ ਜੇ ਮੇਰਾ ਪੁੱਤਰ ਕੋਈ ਦੁਕਾਨ ਜਾਂ ਵਪਾਰ ਕਰਨਾ ਸਿੱਖ ਲਵੇ ਤਾਂ ਚੰਗੀ ਗੱਲ ਹੈ । ਇਹ ਸੋਚ ਕੇ ਉਹਨਾਂ ਦੇ ਪਿਤਾ ਨੇ ਇੱਕ ਦਿਨ ਵੀਹ ਰੁਪਏ ਗੁਰੂ ਜੀ ਨੂੰ ਦਿੱਤੇ, ਤੇ ਕਿਹਾ – "ਜਾਹ ਪੁੱਤਰ ਸ਼ਹਿਰੋਂ ਜਾ ਕੇ ਕੁਝ ਚੀਜ਼ਾਂ ਖਰੀਦ ਕੇ ਲੈ ਆ ਜਿਨ੍ਹਾਂ ਨੂੰ ਆਪਣੇ ਪਿੰਡ ਵਿੱਚ ਵੇਚ ਕੇ ਨਫਾ ਹੋਵੇ ।"

ਗੁਰੂ ਜੀ ਆਪਣੇ ਪਿਤਾ ਦੀ ਗੱਲ ਮੰਨ ਕੇ ਸ਼ਹਿਰ ਨੂੰ ਚਲ ਪਏ । ਆਪਦੇ ਨਾਲ ਆਪਣੇ ਮਿੱਤਰ ਭਾਈ ਬਾਲੇ ਨੂੰ ਵੀ ਲੈ ਗਏ । ਸ਼ਹਿਰ ਕਾਫੀ ਦੂਰ ਸੀ । ਰਸਤੇ ਵਿੱਚ ਇੱਕ ਛੋਟਾ ਜਿਹਾ ਜੰਗਲ ਆਉਂਦਾ ਸੀ। ਜਦੋਂ ਗੁਰੂ ਜੀ ਤੇ ਬਾਲਾ ਉਸ ਜੰਗਲ ਵਿੱਚੋਂ ਦੀ ਲੰਘ ਰਹੇ ਸਨ ਤਾਂ ਉਹਨਾਂ ਨੂੰ ਕਿੰਨੇ ਸਾਰੇ ਸਾਧੂਆਂ ਦਾ ਇੱਕ ਟੋਲਾ ਉੱਥੇ ਬੈਠਾ ਦਿਸਿਆ ।

ਸਾਧੂਆਂ ਨੂੰ ਵੇਖ ਕੇ ਗੁਰੂ ਜੀ ਉਹਨਾਂ ਦੇ ਕੋਲ ਚਲੇ ਗਏ ਤੇ ਹਾਲ ਚਾਲ ਪੁੱਛਣ ਲੱਗੇ । ਉਹਨਾਂ ਨੇ ਦੱਸਿਆ ਕਿ ਉਹ ਕੁਝ ਦਿਨਾਂ ਦੇ ਭੁੱਖੇ ਹਨ, ਕਿਉਂਕਿ ਉਹਨਾਂ ਦਾ ਖਾਣ ਪੀਣ ਦਾ ਸਮਾਨ ਮੁਕ ਗਿਆ ਸੀ । ਗੁਰੂ ਜੀ ਨੂੰ ਇੱਕ ਦਮ ਖਿਆਲ ਆਇਆ ਕਿ ਮੇਰੇ ਪਾਸ ਵੀਹ ਰੁਪਏ ਹਨ । ਕਿਉਂ ਨਾ ਇਨ੍ਹਾਂ ਪੈਸਿਆਂ ਨਾਲ ਸਾਧੂਆਂ ਲਈ ਰੋਟੀ ਪਾਣੀ ਦਾ ਸਮਾਨ ਖਰੀਦ ਲਿਆ ਜਾਏ । ਇਸ ਤੋਂ ਚੰਗਾ ਵਪਾਰ ਜਾਂ ਕੰਮ ਹੋਰ ਕੀ ਹੋ ਸਕਦਾ ਹੈ, ਜਿਸ ਨਾਲ ਭੁੱਖਿਆਂ ਦੀ ਮਦਦ ਕੀਤੀ ਜਾਵੇ । ਇਹ ਸੋਚ ਕੇ ਉਹ ਭਾਈ ਬਾਲੇ ਨੂੰ ਨਾਲ ਲੈ ਕੇ ਸ਼ਹਿਰ ਵੱਲ ਨੂੰ ਤੁਰ ਪਏ । ਉੱਥੇ ਪਹੁੰਚ ਕੇ ਕਾਫੀ ਸਾਰਾ ਖਾਣ ਪੀਣ ਦਾ ਸਮਾਨ ਖਰੀਦ ਲਿਆ, ਜੋ ਵਾਪਸ ਆ ਕੇ ਭੁੱਖੇ ਸਾਧੂਆਂ ਨੂੰ ਦੇ ਦਿੱਤਾ ।

ਸ਼ਾਮ ਨੂੰ ਜਦੋਂ ਗੁਰੂ ਜੀ ਖਾਲੀ ਹੱਥ ਵਾਪਸ ਘਰ ਪਹੁੰਚੇ ਤਾਂ ਉਹਨਾਂ ਦੇ ਪਿਤਾ ਜੀ ਨੂੰ ਬੜਾ ਗੁੱਸਾ ਆਇਆ । ਪ੍ਰੰਤੂ ਗੁਰੂ ਜੀ ਦੀ ਵੱਡੀ ਭੈਣ ਬੀਬੀ ਨਾਨਕੀ ਨੇ ਆਪਣੇ ਪਿਤਾ ਨੂੰ ਰੋਕ ਲਿਆ ਤੇ ਕਹਿਣ ਲੱਗੀ, "ਮੇਰਾ ਭਰਾ ਰੱਬ ਦਾ ਹੀ ਦੂਜਾ ਰੂਪ ਹੈ । ਇਹ ਉਹੋ ਕੁਝ ਕਰਦਾ ਹੈ ਜੋ ਵਾਹਿਗੁਰੂ ਇਸ ਤੋਂ ਕਰਾਉਂਦਾ ਹੈ ।"

ਜਿਸ ਥਾਂ ਤੇ ਗੁਰੂ ਜੀ ਨੇ ਭੁੱਖੇ ਸਾਧੂਆਂ ਨੂੰ ਲੰਗਰ ਛਕਾਇਆ ਸੀ ਉੱਥੇ ਬਾਅਦ ਵਿੱਚ ਇੱਕ ਵੱਡਾ ਗੁਰਦਵਾਰਾ ਬਣ ਗਿਆ । ਉਸ ਗੁਰਦਵਾਰੇ ਦਾ ਨਾਮ 'ਸੱਚਾ ਸੌਦਾ' ਹੈ ।

# ਪ੍ਰਸ਼ਨ ਤੇ ਉੱਤਰ (Questions & Answers)

In your exercise/note book, copy each question neatly and write the answers in complete sentences.

**A**

੧. ਗੁਰੂ ਨਾਨਕ ਦੇਵ ਜੀ ਦੇ ਪਿਤਾ ਉਹਨਾਂ ਨੂੰ ਕੀ ਕੰਮ ਸਿਖਾਉਣਾ ਚਾਹੁੰਦੇ ਸਨ ?

੨. ਗੁਰੂ ਨਾਨਕ ਦੇਵ ਜੀ ਦੇ ਪਿਤਾ ਨੇ ਗੁਰੂ ਜੀ ਨੂੰ ਕੀ ਦਿੱਤਾ ?

੩. ਗੁਰੂ ਜੀ ਨਾਲ ਸ਼ਹਿਰ ਕੌਣ ਗਿਆ ਸੀ ?

੪. ਰਸਤੇ ਵਿੱਚ ਉਹਨਾਂ ਨੇ ਕੀ ਦੇਖਿਆ ?

੫. ਗੁਰੂ ਜੀ ਨੇ ਵੀਹ ਰੁਪਏ ਨਾਲ ਕੀ ਕੀਤਾ ?

**B**

Copy the following sentences by filling in appropriate words from the text you have read:

੧. ਗੁਰੂ ਜੀ ਆਪਣੇ ......... ਦੀ ਗੱਲ ਮੰਨ ਕੇ ............ ਨੂੰ ਚਲ ਪਏ ।

੨. ਸਾਧੂਆਂ ਨੂੰ ਵੇਖ ਕੇ ਗੁਰੂ ਜੀ ਉਨ੍ਹਾਂ ਦਾ ............... ਪੁੱਛਣ ਲੱਗੇ

੩. ਗੁਰੂ ਜੀ ਨੇ ਖਾਣ ਪੀਣ ਦਾ ਸਮਾਨ ਭੁੱਖੇ ............... ਨੂੰ ਦੇ ਦਿੱਤਾ ।

੪. ਜਦੋਂ ਗੁਰੂ ਜੀ ਖਾਲੀ ਹੱਥ ਵਾਪਸ ............ ਪਹੁੰਚੇ ਤਾਂ ਉਨ੍ਹਾਂ ਦੇ ਪਿਤਾ ਨੂੰ ਬਹੁਤ ............ ਆਇਆ ।

੫. ਜਿੱਥੇ ਗੁਰੂ ਜੀ ਨੇ ਭੁੱਖੇ ਸਾਧੂਆਂ ਨੂੰ ................ ਛਕਾਇਆ ਉਸ ਗੁਰਦਵਾਰੇ ਦਾ ਨਾਮ ..................... ਹੈ ।

**C**

**Task:-** (i) Write this story in your own words in English

(ii) ਇਹ ਕਹਾਣੀ ਆਪਣੇ ਮਾਤਾ ਪਿਤਾ ਨੂੰ ਪੰਜਾਬੀ ਵਿੱਚ ਸੁਣਾਓ ।

# ਸੱਚ ਦੀ ਰੋਟੀ


ਚਲਦੇ ਫਿਰਦੇ ਗੁਰੂ ਨਾਨਕ ਦੇਵ ਜੀ ਇੱਕ ਵਾਰ ਪੰਜਾਬ ਦੇ ਇੱਕ ਬਹੁਤ ਵੱਡੇ ਪਿੰਡ ਐਮਨਾਬਾਦ ਪਹੁੰਚੇ । ਉਹਨਾਂ ਦਾ ਸੇਵਕ ਮਿੱਤਰ ਭਾਈ ਮਰਦਾਨਾ ਉਹਨਾਂ ਦੇ ਨਾਲ ਸੀ । ਉਹ ਬਹੁਤ ਥੱਕੇ ਹੋਏ ਤੇ ਭੁੱਖੇ ਸਨ । ਉਸ ਪਿੰਡ ਵਿੱਚ ਇੱਕ ਭਾਈ ਲਾਲੋ ਨਾਮ ਦਾ ਗਰੀਬ ਤਰਖਾਣ ਵੀ ਰਹਿੰਦਾ ਸੀ । ਉਹ ਬਹੁਤ ਮਿਹਨਤੀ ਤੇ ਨੇਕ ਸੁਭਾਅ ਦਾ ਮਨੁੱਖ ਸੀ । ਆਪਣੇ ਭੋਜਨ ਤੇ ਆਰਾਮ ਲਈ ਗੁਰੂ ਜੀ ਨੇ ਉਸ ਦਾ ਘਰ ਹੀ ਚੁਣਿਆ । ਭਾਈ ਲਾਲੋ ਗੁਰੂ ਜੀ ਨੂੰ ਆਪਣੇ ਘਰ ਆਇਆ ਦੇਖ ਕੇ ਬਹੁਤ ਖੁਸ਼ ਹੋਇਆ ਤੇ ਉਸ ਨੇ ਉਹਨਾਂ ਦੀ ਖੂਬ ਸੇਵਾ ਕੀਤੀ ।

ਉਸੇ ਪਿੰਡ ਵਿੱਚ ਇੱਕ ਬਹੁਤ ਅਮੀਰ ਆਦਮੀ ਵੀ ਰਹਿੰਦਾ ਸੀ, ਜਿਸ ਦਾ ਨਾਮ ਮਲਕ ਭਾਗੋ ਸੀ । ਮਲਕ ਭਾਗੋ ਨੂੰ ਆਪਣੀ ਧੰਨ ਦੌਲਤ ਅਤੇ ਅਮੀਰੀ ਤੇ ਬਹੁਤ ਮਾਣ ਸੀ । ਪਿੰਡ ਦੇ ਲੋਕਾਂ ਨੂੰ ਪ੍ਰਭਾਵਤ ਕਰਨ ਲਈ ਉਹ ਹਰ ਸਾਲ ਇੱਕ ਯਗ ਵੀ ਕਰਿਆ ਕਰਦਾ ਸੀ । ਇਸ ਸਮੇਂ ਉਹ ਇਲਾਕੇ ਦੇ ਸੰਤਾਂ ਸਾਧੂਆਂ ਨੂੰ ਵੀ ਬੁਲਾ ਕੇ ਚੰਗੇ ਤੋਂ ਚੰਗਾ ਭੋਜਨ ਛਕਾਉਂਦਾ ਹੁੰਦਾ ਸੀ ।

ਕੁਦਰਤ ਨਾਲ ਜਦੋਂ ਗੁਰੂ ਨਾਨਕ ਦੇਵ ਜੀ ਉਸ ਪਿੰਡ ਵਿੱਚ ਪੁੱਜੇ ਤਾਂ ਅਗਲਾ ਦਿਨ ਮਲਕ ਭਾਗੋ ਦੇ ਯਗ ਦਾ ਦਿਨ ਸੀ । ਮਲਕ ਭਾਗੋ ਨੂੰ ਜਦੋਂ ਗੁਰੂ ਜੀ ਦੇ ਪਿੰਡ ਆਉਣ ਦੀ ਖਬਰ ਹੋਈ ਤਾਂ ਉਸ ਨੇ ਗੁਰੂ ਜੀ ਨੂੰ ਵੀ ਆਪਣੇ ਯਗ ਤੇ ਆਉਣ ਲਈ ਸੱਦਾ ਦਿੱਤਾ । ਪ੍ਰੰਤੂ ਯਗ ਵਾਲੇ ਦਿਨ ਗੁਰੂ ਜੀ ਮਲਕ ਭਾਗੋ ਦੇ ਘਰ ਭੋਜਨ ਕਰਨ ਨਹੀਂ ਗਏ । ਮਲਕ ਭਾਗੋ ਨੇ ਇਸ ਗੱਲ ਨੂੰ ਆਪਣੀ ਬੇਇਜ਼ਤੀ ਸਮਝਿਆ ਤੇ ਬੜਾ ਗੁੱਸੇ ਵਿੱਚ ਆਇਆ । ਉਸ ਨੇ ਆਪਣੇ ਨੌਕਰਾਂ ਨੂੰ ਹੁਕਮ ਦਿੱਤਾ ਕਿ ਗੁਰੂ ਜੀ ਨੂੰ ਜਬਰਦਸਤੀ ਲੈ ਆਉਣ ।

ਜਦੋਂ ਮਲਕ ਭਾਗੋ ਦੇ ਨੌਕਰਾਂ ਨੇ ਗੁਰੂ ਜੀ ਨੂੰ ਸਾਰੀ ਗੱਲ ਦੱਸੀ ਤਾਂ ਉਹ ਨੌਕਰਾਂ ਨਾਲ ਚਲ ਪਏ। ਪ੍ਰੰਤੂ ਤੁਰਨ ਲੱਗਿਆਂ ਉਹਨਾਂ ਆਪਣੇ ਹੱਥ ਭਾਈ ਲਾਲੋ ਦੇ ਘਰ ਦੀ ਪੱਕੀ ਇੱਕ ਰੋਟੀ ਵੀ ਫੜ ਲਈ । ਜਦੋਂ ਗੁਰੂ ਜੀ ਮਲਕ ਭਾਗੋ ਦੇ ਘਰ ਪਹੁੰਚੇ ਤਾਂ ਉੱਥੇ ਬਹੁਤ ਸਾਰੇ ਲੋਕ ਪਹਿਲਾਂ ਹੀ ਇੱਕਠੇ ਹੋਏ ਹੋਏ ਸਨ। ਜਦੋਂ ਇੱਕ ਵੱਡੀ ਸਾਰੀ ਥਾਲੀ ਵਿੱਚ ਗੁਰੂ ਜੀ ਲਈ ਭੋਜਨ ਲਿਆਂਦਾ ਗਿਆ ਤਾਂ ਗੁਰੂ ਜੀ ਨੇ ਉਸ ਵਿੱਚੋਂ ਇੱਕ ਪੂਰੀ ਚੁਕ ਲਈ ਤੇ ਮਲਕ ਭਾਗੋ ਨੂੰ ਆਪਣੇ ਪਾਸ ਬੁਲਾਇਆ । ਗੁਰੂ ਜੀ ਨੇ ਇੱਕ ਹੱਥ ਵਿੱਚ ਮਲਕ ਭਾਗੋ ਵਾਲੀ ਪੂਰੀ ਨੂੰ ਲੈ ਕੇ ਘੁਟਿਆ ਤੇ ਦੂਜੇ ਹੱਥ ਵਿੱਚ ਭਾਈ ਲਾਲੋ ਦੇ ਘਰੋਂ ਲਿਆਂਦੀ ਰੋਟੀ ਨੂੰ ਲੈ ਕੇ ਘੁਟਿਆ । ਅਚਾਨਕ ਮਲਕ ਭਾਗੋ ਦੀ ਪੂਰੀ ਵਿੱਚੋਂ ਲਹੂ ਦੇ ਤੁਪਕੇ ਡਿਗ ਪਏ ਤੇ ਭਾਈ ਲਾਲੋ ਦੀ ਰੋਟੀ 'ਚੋਂ ਦੁੱਧ ਦੇ ਤੁਪਕੇ ਡਿਗਣ ਲੱਗੇ ।

## ਗੁਰੂ ਨਾਨਕ ਦੇਵ ਜੀ ਮਲਕ ਭਾਗੋ ਤੇ ਭਾਈ ਲਾਲੋ ਨਾਲ



ਸਾਰੇ ਲੋਕ ਇਹ ਦੇਖ ਕੇ ਹੈਰਾਨ ਹੋ ਗਏ । ਇਸ ਤੇ ਮਲਕ ਭਾਗੋ ਨੂੰ ਹੋਰ ਭੀ ਗੁੱਸਾ ਚੜ੍ਹਿਆ । ਪ੍ਰੰਤੂ ਗੁਰੂ ਜੀ ਨੇ ਬੜੇ ਪਿਆਰ ਨਾਲ ਮਲਕ ਭਾਗੋ ਨੂੰ ਸਮਝਾਇਆ ਤੇ ਕਿਹਾ, "ਮਲਕ ਭਾਗੋ, ਤੇਰੀ ਰੋਟੀ ਤੇਰੇ ਆਪਣੇ ਹੱਥਾਂ ਦੀ ਮਿਹਨਤ ਨਾਲ ਨਹੀਂ ਬਣੀ । ਤੇਰਾ ਧੰਨ ਲੋਕਾਂ ਦੇ ਖ਼ੂਨ ਪਸੀਨੇ ਦੀ ਮਿਹਨਤ 'ਚੋਂ ਪੈਦਾ ਹੋਇਆ ਹੈ । ਜਦੋਂ ਕਿ ਭਾਈ ਲਾਲੋ ਖ਼ੁਦ ਆਪਣੇ ਹੱਥੀਂ ਮਿਹਨਤ ਕਰਦਾ ਹੈ ਤੇ ਕਮਾਉਂਦਾ ਹੈ । ਉਹ ਲੋਕਾਂ ਨੂੰ ਤੰਗ ਕਰਕੇ ਧੰਨ ਨਹੀਂ ਕਮਾਉਂਦਾ । ਉਸ ਦੀ ਰੋਟੀ ਸੱਚ ਦੀ ਰੋਟੀ ਹੈ ।"

ਇਹ ਸੁਣ ਕੇ ਮਲਕ ਭਾਗੋ ਬਹੁਤ ਸ਼ਰਮਿੰਦਾ ਹੋਇਆ ਤੇ ਗੁਰੂ ਜੀ ਦਾ ਸੱਚਾ ਸੇਵਕ ਸਿੱਖ ਬਣ ਗਿਆ ।

| | | | |
|---|---|---|---|
| ਸੇਵਕ ਮਿੱਤਰ | serving friend | ਇਲਾਕਾ | area |
| ਥੱਕੇ ਹੋਏ | tired | ਸਾਧੂਆਂ | hermits |
| ਤਰਖਾਣ | carpenter | ਕੁਦਰਤ ਨਾਲ | by chance |
| ਮਿਹਨਤੀ | hardworking | ਖਬਰ | news |
| ਨੇਕ ਸੁਭਾਅ | good natured | ਸੱਦਾ | invitation |
| ਮਨੁੱਖ | person | ਬੇਇਜ਼ਤੀ | disrespect |
| ਧੰਨ ਦੌਲਤ | wealth | ਹੁਕਮ | order |
| ਅਮੀਰੀ | riches | ਜਬਰਦਸਤੀ | by force |
| ਮਾਣ | pride | ਘੁਟਿਆ | squeezed |
| ਪ੍ਰਭਾਵਤ | impressed | ਅਚਾਨਕ | suddenly |
| ਯਗ | big feast | ਤੁਪਕੇ | drops |
| ਹੈਰਾਨ | surprised | ਸ਼ਰਮਿੰਦਾ | disgraced |

**Task:-** (i) Write this story in your own words in English.

(ii) ਇਹ ਕਹਾਣੀ ਆਪਣੇ ਮਾਤਾ ਪਿਤਾ ਨੂੰ ਪੰਜਾਬੀ ਵਿੱਚ ਸੁਣਾਓ ।

# ਹਰਦਵਾਰ ਦੀ ਯਾਤਰਾ

ਇੱਕ ਵਾਰ ਗੁਰੂ ਨਾਨਕ ਦੇਵ ਜੀ ਹਰਦਵਾਰ ਦੀ ਯਾਤਰਾ ਤੇ ਗਏ । ਹਰਦਵਾਰ ਹਿੰਦੂਆਂ ਦਾ ਪਵਿੱਤਰ ਅਸਥਾਨ ਹੈ । ਇਹ ਗੰਗਾ ਨਦੀ ਦੇ ਕਿਨਾਰੇ ਤੇ ਹੈ । ਗੰਗਾ ਨਦੀ ਨੂੰ ਹਿੰਦੂ ਲੋਕ ਬਹੁਤ ਪਵਿੱਤਰ ਮੰਨਦੇ ਹਨ ।


ਇੱਕ ਦਿਨ ਸਵੇਰੇ ਸੂਰਜ ਚੜ੍ਹਨ ਵੇਲੇ ਗੁਰੂ ਜੀ ਨੇ ਦੇਖਿਆ ਕਿ ਗੰਗਾ ਨਦੀ ਵਿੱਚ ਬਹੁਤ ਸਾਰੇ ਲੋਕ ਨਹਾਉਣ ਦੇ ਨਾਲ ਨਾਲ ਪਾਣੀ ਵੀ ਪੂਰਬ ਵਾਲੇ ਪਾਸੇ ਸੂਰਜ ਵੱਲ ਉਛਾਲ ਰਹੇ ਹਨ । ਗੁਰੂ ਜੀ ਇਹ ਦੇਖ ਕੇ ਕੁਝ ਹੈਰਾਨ ਹੋਏ । ਉਹਨਾਂ ਉੱਥੇ ਇੱਕ ਸਿਆਣੇ ਜਿਹੇ ਆਦਮੀ ਨੂੰ ਪੁੱਛਿਆ. "ਇਹ ਕੀ ਕਰ ਰਹੇ ਹਨ ?" ਉਹ ਕੋਈ ਪੰਡਤ ਸੀ । ਉਸ ਨੇ ਗੁਰੂ ਜੀ ਨੂੰ ਦੱਸਿਆ, "ਅਸੀਂ ਆਪਣੇ ਪਿਤਰਾਂ ਨੂੰ ਪਾਣੀ ਭੇਂਟ ਕਰ ਰਹੇ ਹਾਂ ।" ਗੁਰੂ ਜੀ ਨੇ ਪੁਛਿਆ - "ਤੁਹਾਡੇ ਪਿਤਰ ਕਿੱਥੇ ਹਨ ?" "ਉਹ ਤਾਂ ਗੁਜ਼ਰ ਚੁਕੇ ਹਨ । ਹੁਣ ਪਤਾ ਨਹੀਂ ਕਿਤੇ ਲੱਖਾਂ ਮੀਲ ਦੂਰ ਦੂਜੀ ਦੁਨੀਆ ਵਿੱਚ ਹਨ ।"

"ਪਰ ਇਹ ਪਾਣੀ ਉਨ੍ਹਾਂ ਤੱਕ ਕਿਵੇਂ ਪੁੱਜੇਗਾ ?" ਗੁਰੂ ਜੀ ਨੇ ਫਿਰ ਮੁਸਕਰਾ ਕੇ ਕਿਹਾ । "ਇਸ ਬਾਰੇ ਤਾਂ ਕੋਈ ਵੀ ਨਹੀਂ ਜਾਣਦਾ । ਪਰ ਪੁਜਦਾ ਜ਼ਰੂਰ ਹੈ । ਤਾਹੀਉਂ ਤਾਂ ਇਹ ਸਾਰੇ ਲੋਕ ਇਸ ਤਰ੍ਹਾਂ ਕਰਦੇ ਹਨ ।" ਪੰਡਤ ਨੇ ਖਿਝ ਕੇ ਕਿਹਾ ।

ਇਹ ਸੁਣ ਕੇ ਗੁਰੂ ਜੀ ਨੇ ਆਪਣੀ ਪਿੱਠ ਸੂਰਜ ਵੱਲ ਕਰ ਲਈ ਤੇ ਪੱਛਮ ਵੱਲ ਨੂੰ ਗੰਗਾ ਦਾ ਪਾਣੀ ਉਛਾਲ ਕੇ ਸੁਟਣਾ ਸ਼ੁਰੂ ਕਰ ਦਿੱਤਾ । ਜਦੋਂ ਆਲੇ ਦੁਆਲੇ ਖੜੇ ਲੋਕਾਂ ਨੇ ਗੁਰੂ ਜੀ ਨੂੰ ਪਾਣੀ ਉਲਟੇ ਪਾਸੇ ਸਟੁਦੇ ਦੇਖਿਆ ਤਾਂ ਹੈਰਾਨ ਹੋ ਕੇ ਪੁੱਛਣ ਲੱਗੇ । "ਭਾਈ ਇਹ ਤੂੰ ਕੀ ਕਰ ਰਿਹਾ ਹੈਂ ?" "ਮੇਰੇ ਖੇਤ ਪੰਜਾਬ ਵਿੱਚ ਹਨ, ਉੱਥੇ ਫਸਲਾਂ ਨੂੰ ਪਾਣੀ ਦੇ ਰਿਹਾ ਹਾਂ ।" ਗੁਰੂ ਜੀ ਨੇ ਫਿਰ ਮੁਸਕਰਾ ਕੇ ਉੱਤਰ ਦਿੱਤਾ । ਆਲੇ ਦੁਆਲੇ ਖੜੋਤੇ ਲੋਕ ਹੱਸਣ ਲੱਗੇ । ਇੱਕ ਨੇ ਕਿਹਾ –" ਤੇਰੇ ਖੇਤ ਪੰਜਾਬ ਵਿੱਚ ਸੈਂਕੜੇ ਮੀਲ ਦੂਰ ਹਨ । ਉੱਥੇ ਇਹ ਪਾਣੀ ਕਿਵੇਂ ਪਹੁੰਚ ਸਕਦਾ ਹੈ ।"

ਗੁਰੂ ਜੀ ਨੇ ਬੜੀ ਉੱਚੀ ਅਵਾਜ਼ ਵਿੱਚ ਸੱਭ ਨੂੰ ਸੁਣਾ ਕੇ ਕਿਹਾ, " ਜੇਕਰ ਮੇਰਾ ਸੁੱਟਿਆ ਪਾਣੀ ਮੇਰੇ ਖੇਤਾਂ ਤੱਕ ਨਹੀਂ ਪਹੁੰਚ ਸਕਦਾ ਤਾਂ ਤੁਹਾਡੇ ਵਲੋਂ ਪਿਤਰਾਂ ਵੱਲ ਸੁਟਿਆਂ ਪਾਣੀ ਉਹਨਾਂ ਤੱਕ ਕਿਵੇਂ

ਪੁੱਜੇਗਾ ।" ਇਹ ਉੱਤਰ ਸੁਣ ਕੇ ਸਾਰੇ ਹੈਰਾਨ ਹੋ ਗਏ ਤੇ ਸੋਚ ਕੇ ਆਖਣ ਲੱਗੇ – " ਗੱਲ ਤਾਂ ਇਸ ਭਾਈ ਦੀ ਠੀਕ ਲੱਗਦੀ ਹੈ । ਇਹ ਜ਼ਰੂਰ ਕੋਈ ਮਹਾਨ ਪੁਰਖ ਹੈ ।"



# ਪ੍ਰਸ਼ਨ ਤੇ ਉੱਤਰ (Questions & Answers)

In your exercise/note book, copy each question neatly and write the answers in complete sentences.

**A**

੧. ਹਰਦਵਾਰ ਕਿੱਥੇ ਹੈ ?

੨. ਗੰਗਾ ਨਦੀ ਵਿੱਚ ਗੁਰੂ ਜੀ ਨੇ ਲੋਕਾਂ ਨੂੰ ਕੀ ਕਰਦੇ ਦੇਖਿਆ ।

੩. ਪੰਡਤ ਨੇ ਗੁਰੂ ਜੀ ਨੂੰ ਕੀ ਦੱਸਿਆ ?

੪. ਗੁਰੂ ਜੀ ਨੇ ਪਾਣੀ ਕਿਸ ਪਾਸੇ ਸੁਟਣਾ ਸ਼ੁਰੂ ਕਰ ਦਿੱਤਾ ?

੫. ਆਲੇ ਦੁਆਲੇ ਹੈਰਾਨ ਹੋਏ ਲੋਕਾਂ ਨੂੰ ਗੁਰੂ ਜੀ ਨੇ ਕੀ ਦੱਸਿਆ ?

**B**

Copy the following sentences by filling in appropriate words from the text you have read:

੧. ਹਰਦਵਾਰ ਹਿੰਦੂਆਂ ਦਾ .................... ਅਸਥਾਨ ਹੈ ।

੨. ਗੰਗਾ ਨਦੀ ਨੂੰ ............... ਬਹੁਤ ਪਵਿੱਤਰ ਮੰਨਦੇ ਹਨ ।

੩. ਗੁਰੂ ਜੀ ਨੂੰ ਪੱਛਮ ਵੱਲ ................ ਸੁਟਦਾ ਦੇਖ ਕੇ ਆਲੇ ਦੁਆਲੇ ਖੜੇ ਲੋਕ ਬਹੁਤ ............... ਹੋਏ ।

੪. ਗੁਰੂ ਜੀ ਨੇ ਕਿਹਾ "ਮੇਰੇ ਖੇਤ ................ ਵਿੱਚ ਹਨ, ਉੱਥੇ ਫਸਲਾਂ ਨੂੰ .................. ਦੇ ਰਿਹਾ ਹਾਂ ।"

੫. ਸਾਰੇ ਲੋਕ ਆਖਣ ਲੱਗੇ "ਗੱਲ ਤਾਂ ਇਸ ਭਾਈ ਦੀ ............ ਲੱਗਦੀ ਹੈ । ਇਹ ਜ਼ਰੂਰ ਕੋਈ ਮਹਾਨ ............ ਹੈ ।"

**C**

**Task:-** (i) Write this story in your own words in English

(ii) ਇਹ ਕਹਾਣੀ ਆਪਣੇ ਮਾਤਾ ਪਿਤਾ ਨੂੰ ਪੰਜਾਬੀ ਵਿੱਚ ਸੁਣਾਓ ।

# ਮੱਕੇ ਦੀ ਯਾਤਰਾ

ਗੁਰੂ ਨਾਨਕ ਦੇਵ ਜੀ ਹਿੰਦੂਆਂ ਤੇ ਮੁਸਲਮਾਨਾਂ ਦੋਵਾਂ ਨੂੰ ਪਿਆਰ ਕਰਦੇ ਸਨ । ਪ੍ਰੰਤੂ ਉਹ ਕਹਿੰਦੇ ਸਨ, "ਨਾ ਮੈਂ ਹਿੰਦੂ ਹਾਂ ਨਾ ਮੁਸਲਮਾਨ । ਮੈਂ ਤਾਂ ਰੱਬ ਦਾ ਬੰਦਾ ਹਾਂ ।" ਉਹਨਾਂ ਨੇ ਹਿੰਦੂਆਂ ਤੇ ਮੁਸਲਮਾਨਾਂ ਦੇ ਪਵਿੱਤਰ ਅਸਥਾਨਾਂ ਦੀ ਯਾਤਰਾ ਕੀਤੀ ।

ਗੁਰੂ ਨਾਨਕ ਦੇਵ ਜੀ ਦੀ ਅਖੀਰੀ ਤੇ ਲੰਬੀ ਯਾਤਰਾ ਮੱਕੇ ਦੀ ਸੀ । ਪੰਜਾਬ ਤੋਂ ਬਹੁਤ ਸਾਰੇ ਮੁਸਲਮਾਨ ਹਾਜੀ ਮੱਕੇ ਨੂੰ ਹੱਜ ਕਰਨ ਜਾ ਰਹੇ ਸੀ । ਉਹ ਉਹਨਾਂ ਨਾਲ ਮੱਕੇ ਨੂੰ ਚਲ ਪਏ, ਅਰਬ ਦੇਸ਼ ਵਿੱਚ ਹੈ।

ਅਰਬ ਦੇਸ਼ ਪਹੁੰਚ ਕੇ ਉਹਨਾਂ ਨੇ ਬਹੁਤ ਸਾਰਾ ਸਫਰ ਪੈਦਲ ਅਤੇ ਊਠ ਤੇ ਕੀਤਾ । ਜਿਸ ਦਿਨ ਉਹ ਮੱਕੇ ਪਹੁੰਚੇ ਤਾਂ ਬਹੁਤ ਥੱਕੇ ਹੋਏ ਸਨ । ਆਰਾਮ ਕਰਨ ਲਈ ਉਹ ਵੱਡੀ ਮਸੀਤ ਦੇ ਵਿਹੜੇ ਵਿੱਚ ਇੱਕ ਪਾਸੇ ਸੌਂ ਗਏ ।

ਜਦੋਂ ਉਹ ਸੁੱਤੇ ਹੋਏ ਸਨ ਤਾਂ ਉਹਨਾਂ ਨੂੰ ਕਿਸੇ ਹਾਜੀ ਨੇ ਪੈਰ ਮਾਰ ਕੇ ਹਿਲਾਇਆ ਤੇ ਉੱਚੀ ਅਵਾਜ਼ ਨਾਲ ਜਗਾਇਆ । ਗੁਰੂ ਜੀ ਨੇ ਨਿਮਰਤਾ ਨਾਲ ਪੁੱਛਿਆ – "ਭਾਈ ਕੀ ਗੱਲ ਹੈ, ਤੂੰ ਇਤਨਾ ਗੁੱਸੇ ਕਿਉਂ ਹੈ ?"

"ਤੈਨੂੰ ਪਤਾ ਨਹੀਂ ਕਿ ਤੂੰ ਕਾਅਬੇ ਵੱਲ ਪੈਰ ਕਰਕੇ ਸੁੱਤਾ ਹੋਇਆ ਹੈਂ । ਇਹ ਰੱਬ ਦਾ ਘਰ ਹੈ ।" ਹਾਜੀ ਬੋਲਿਆ ।

"ਮੈਨੂੰ ਖਿਮਾ ਕਰਨਾ ਮੇਰੇ ਭਰਾ ਜੇ ਮੈਂ ਕੋਈ ਗਲਤੀ ਕੀਤੀ ਹੈ । ਰੱਬ ਦੇ ਘਰ ਦੀ ਮੈਂ ਕਦੇ ਵੀ ਨਿਰਾਦਰੀ ਨਹੀਂ ਕਰਨੀ ਚਾਹੁੰਦਾ । ਪ੍ਰੰਤੂ ਕੀ ਤੂੰ ਮੈਨੂੰ ਉਹ ਪਾਸਾ ਦੱਸ ਸਕਦਾ ਹੈਂ ਜਿਧਰ ਰੱਬ ਨਹੀਂ ਹੈ।"

ਇਹ ਸੁਣ ਕੇ ਹਾਜੀ ਬਹੁਤ ਸ਼ਰਮਿੰਦਾ ਹੋਇਆ । ਉਹ ਸੋਚਣ ਲੱਗਾ ਕਿ ਇਹ ਜ਼ਰੂਰ ਕੋਈ ਮਹਾਨ ਪੁਰਖ ਹੈ ।

| | | | |
|---|---|---|---|
| ਯਾਤਰਾ | journey, visit, pilgrimage | ਨਿਮਰਤਾ ਨਾਲ | politely |
| ਪਵਿੱਤਰ ਅਸਥਾਨ | holy place | ਨਿਰਾਦਰੀ | disrespect |
| ਹਾਜੀ | pilgrim for Hajj | ਮਹਾਨ | great |

## ਗੁਰੂ ਨਾਨਕ ਮੱਕੇ ਦੀ ਮਸੀਤ ਵਿੱਚ



# ਪ੍ਰਸ਼ਨ ਤੇ ਉੱਤਰ (Questions & Answers)

In your exercise/note book, copy each question neatly and write the answers in complete sentences.

**A**

੧. ਗੁਰੂ ਨਾਨਕ ਦੇਵ ਜੀ ਆਪਣੇ ਬਾਰੇ ਕੀ ਕਹਿੰਦੇ ਹੁੰਦੇ ਸਨ ?

੨. ਗੁਰੂ ਨਾਨਕ ਦੇਵ ਜੀ ਦੀ ਸਭ ਤੋਂ ਆਖਰੀ ਯਾਤਰਾ ਕਿੱਥੇ ਦੀ ਸੀ ?

੩. ਅਰਬ ਦੇਸ਼ ਵਿੱਚ ਗੁਰੂ ਜੀ ਨੇ ਆਪਣਾ ਸਫਰ ਕਿਵੇਂ ਕੀਤਾ ?

੪. ਹਾਜੀ ਨੇ ਗੁਰੂ ਜੀ ਨੂੰ ਜਗਾ ਕੇ ਕੀ ਕਿਹਾ ?

੫. ਗੁਰੂ ਜੀ ਨੇ ਹਾਜੀ ਨੂੰ ਕੀ ਉੱਤਰ ਦਿੱਤਾ ?

**B**

Copy the following sentences by filling in appropriate words from the text you have read:

੧. ਗੁਰੂ ਜੀ ਨੇ ਹਿੰਦੂਆਂ ਤੇ ............... ਦੋਵਾਂ ਦੇ ਪਵਿੱਤਰ ਅਸਥਾਨਾਂ ਦੀ .................. ਕੀਤੀ ।

੨. ਪੰਜਾਬ ਤੋਂ ਬਹੁਤ ਸਾਰੇ ਮੁਸਲਮਾਨ ਮੱਕੇ ਨੂੰ ............ ਕਰਨ ਜਾ ਰਹੇ ਸਨ ।

੩. ਅਰਾਮ ਕਰਨ ਲਈ ਗੁਰੂ ਜੀ ਵੱਡੀ ............... ਦੇ ਵਿਹੜੇ ਵਿੱਚ ਸੌਂ ਗਏ ।

੪. ਸੁੱਤੇ ਪਏ ਗੁਰੂ ਜੀ ਨੂੰ ਇੱਕ ਹਾਜੀ ਨੇ ............... ਮਾਰ ਕੇ ਹਲਾਇਆ ਤੇ ਉੱਚੀ ਅਵਾਜ਼ ਨਾਲ .................. ।

੫. ਗੁਰੂ ਜੀ ਦੀ ਗੱਲ ਸੁਣ ਕੇ .................... ਬਹੁਤ ਸ਼ਰਮਿੰਦਾ ਹੋਇਆ ।

**C**

**Task:-** (i) Write this story in your own words in English

(ii) ਇਹ ਕਹਾਣੀ ਆਪਣੇ ਮਾਤਾ ਪਿਤਾ ਨੂੰ ਪੰਜਾਬੀ ਵਿੱਚ ਸੁਣਾਓ ।

# ਮੂਲ ਮੰਤਰ

ਗੁਰੂ ਗਰੰਥ ਸਾਹਿਬ ਜੀ ਦੇ ਸ਼ੁਰੂ ਵਿੱਚ ਪਹਿਲੇ ਸਫੇ ਤੇ ਜੋ ਪਹਿਲੀਆਂ ਦੋ ਲਾਈਨਾਂ ਅਸੀਂ ਪੜ੍ਹਦੇ ਹਾਂ, ਉਹ ਮੂਲ ਮੰਤਰ ਹੈ । ਮੂਲ ਦਾ ਮਤਲਬ ਹੁੰਦਾ ਹੈ ਜੜ੍ਹ ਜਾਂ ਸ਼ੁਰੂ, ਤੇ ਮੰਤਰ ਕੁਝ ਸ਼ਬਦ ਕਹਿਣਾ, ਬੋਲਣਾ ਜਾਂ ਪੜ੍ਹਨਾ ਹੈ । ਸੋ ਮੂਲ ਮੰਤਰ ਤੋਂ ਭਾਵ ਹੈ ਗੁਰਬਾਣੀ ਦਾ ਸ਼ੁਰੂ ਜਾਂ ਸਭ ਤੋਂ ਪਹਿਲਾ ਉਚਾਰਣ। ਇਸ ਲਈ ਹਰ ਸਿੱਖ ਨੂੰ ਇਹ ਦੋ ਸਤਰਾਂ ਯਾਦ ਰੱਖਣੀਆਂ ਜ਼ਰੂਰੀ ਹਨ, ਜੋ ਇਹ ਹਨ:-

**ੴ ਸਤਿ ਨਾਮੁ ਕਰਤਾਪੁਰਖ ਨਿਰਭਉ ਨਿਰਵੈਰ**

**ਅਕਾਲ ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ ॥**

ਹਰ ਪੰਜ ਸਾਲ ਤੋਂ ਵੱਡੇ ਸਿੱਖ ਬੱਚੇ ਨੂੰ 'ਸਤਿਨਾਮ' ਅਤੇ 'ਵਾਹਿਗੁਰੂ' ਦੇ ਜਾਪ ਤੋਂ ਬਿਨਾਂ ਇਹ ਉਪਰਲੀਆਂ ਦੋ ਸਤਰਾਂ ਜ਼ਬਾਨੀ ਯਾਦ ਹੋਣੀਆਂ ਚਾਹੀਦੀਆਂ ਹਨ । ਹੁਣ ਅਸੀਂ ਤੁਹਾਨੂੰ ਇਨ੍ਹਾਂ ਸਤਰਾਂ ਦੇ ਅਰਥ ਦੱਸਦੇ ਹਾਂ :-

**ੴ** ਦਾ ਮਤਲਬ ਹੈ ਕਿ ਸਾਰੀ ਦੁਨੀਆਂ ਦਾ ਰੱਬ ਕੇਵਲ ਇੱਕੋ ਹੀ ਹੈ;

**ਸਤਿ ਨਾਮੁ** ਉਸ ਦਾ ਨਾਮ ਸਤਿ, ਭਾਵ ਸੱਚ ਹੈ;

**ਕਰਤਾ ਪੁਖ** ਉਹ ਸਾਰੀ ਦੁਨੀਆ ਨੂੰ ਸਾਜਣ ਵਾਲਾ ਹੈ;

**ਨਿਰਭਉ** ਉਹ ਬਿਨਾਂ ਕਿਸੇ ਭੈ ਜਾਂ ਡਰ ਤੋਂ ਹੈ;

**ਨਿਰਵੈਰ** ਉਹ ਕਿਸੇ ਨਾਲ ਵੈਰ ਜਾਂ ਦੁਸ਼ਮਨੀ ਨਹੀਂ ਕਰਦਾ;

**ਅਕਾਲ ਮੂਰਤ** ਉਹ ਕਿਸੇ ਕਾਲ ਜਾਂ ਸਮੇਂ ਨਾਲ ਨਹੀਂ ਚਲਦਾ;

**ਅਜੂਨੀ** ਉਹ ਜੂਨ ਤੋਂ ਬਿਨਾਂ ਹੈ, ਭਾਵ ਜੰਮਦਾ ਜਾਂ ਮਰਦਾ ਨਹੀਂ;

**ਸੈਭੰ** ਉਹ ਆਪੇ ਹੀ ਚਾਨਣ ਹੈ;

**ਗੁਰਪ੍ਰਸਾਦਿ** ਉਸ ਤੱਕ ਕੇਵਲ ਗੁਰੂ ਦੀ ਕਿਰਪਾ ਨਾਲ ਹੀ ਪਹੁੰਚ ਹੋ ਸਕਦੀ ਹੈ ।

**Task:-** ਮੂਲ ਮੰਤਰ ਨੂੰ ਆਪਣੀ ਕਾਪੀ ਵਿੱਚ ਲਿਖੋ ਅਤੇ ਇਸ ਦੀ ਅੰਗਰੇਜ਼ੀ ਵੀ ਬਣਾਓ ।

# ਗੁਰਪੁਰਬ

ਸਿੱਖਾਂ ਦੇ ਖਾਸ ਧਾਰਮਕ ਅਤੇ ਛੁੱਟੀ ਵਾਲੇ ਦਿਨ ਨੂੰ ਗੁਰੂ ਦਾ ਦਿਨ ਜਾਂ ਗੁਰਪੁਰਬ ਕਹਿੰਦੇ ਹਨ । ਗੁਰਪੁਰਬ ਵਾਲੇ ਦਿਨ ਅਸੀਂ ਕਿਸੇ ਇੱਕ ਗੁਰੂ ਨੂੰ ਜਾਂ ਉਹਨਾਂ ਨਾਲ ਹੋਈ ਕਿਸੇ ਘੱਟਨਾ ਨੂੰ ਯਾਦ ਕਰਕੇ ਮਨਾਉਂਦੇ ਹਾਂ । ਇਸ ਦਿਨ ਗੁਰਦਵਾਰਿਆਂ ਵਿੱਚ ਸਵੇਰ ਤੋਂ ਹੀ ਬਹੁਤ ਰੌਣਕ ਹੁੰਦੀ ਹੈ । ਸਾਰਾ ਦਿਨ ਗੁਰਦਵਾਰਾ ਸਿੱਖ ਸੰਗਤ ਨਾਲ ਭਰਿਆ ਦਿਸਦਾ ਹੈ । ਆਮ ਕਰਕੇ ਗੁਰਪੁਰਬ ਤੋਂ ਕੁਝ ਦਿਨ ਪਹਿਲਾਂ ਨਗਰ ਕੀਰਤਨ ਵੀ ਹੁੰਦਾ ਹੈ ਜਿਸ ਵਿੱਚ ਸ਼ਰਧਾਲੂ ਵਧ ਚੜ੍ਹ ਕੇ ਹਿੱਸਾ ਲੈਂਦੇ ਹਨ ।


ਦੀਵਾਨ ਹਾਲ ਵਿੱਚ ਕਥਾ, ਕੀਰਤਨ ਤੇ ਲੈਕਚਰ ਹੁੰਦੇ ਹਨ । ਕਈ ਵਾਰ ਸਕੂਲਾਂ ਦੇ ਬੱਚੇ ਵੀ ਕੀਰਤਨ ਕਰਨ ਵਿੱਚ ਭਾਗ ਲੈਂਦੇ ਹਨ, ਜੋ ਗੁਰੂਆਂ ਬਾਰੇ ਕੋਈ ਕਹਾਣੀ ਜਾਂ ਕਵਿਤਾ ਸੁਣਾਉਂਦੇ ਹਨ । ਇਸੇ ਤਰ੍ਹਾਂ ਲੰਗਰ ਵੀ ਸਾਰਾ ਦਿਨ ਚਲਦਾ ਹੈ ।

ਗੁਰਪੁਰਬ ਵਾਲੇ ਦਿਨ ਸਾਰੇ ਸਿੱਖ ਆਪੋ ਆਪਣੇ ਪਰਵਾਰਾਂ ਨਾਲ ਇੱਕ ਦੋ ਘੰਟੇ ਲਈ ਗੁਰਦਵਾਰੇ ਜ਼ਰੂਰ ਆਉਂਦੇ ਹਨ । ਜਿਨ੍ਹਾਂ ਕੁਝ ਗੁਰਪੁਰਬਾਂ ਤੇ ਵਧੇਰੇ ਰੌਣਕ ਹੁੰਦੀ ਹੈ ਉਨ੍ਹਾਂ ਦੇ ਨਾਮ ਇਹ ਹਨ:-

| | | |
|---|---|---|
| (1) | ਗੁਰੂ ਨਾਨਕ ਦੇਵ ਜੀ ਦਾ ਜਨਮ ਦਿਨ | – ਨਵੰਬਰ ਵਿੱਚ |
| (2) | ਗੁਰੂ ਗੋਬਿੰਦ ਸਿੰਘ ਜੀ ਦਾ ਜਨਮ ਦਿਨ | – ਜਨਵਰੀ ਵਿੱਚ |
| (3) | ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਦਿਨ | – ਜੂਨ ਵਿੱਚ |
| (4) | ਗੁਰੂ ਤੇਗ ਬਹਾਦਰ ਜੀ ਦਾ ਸ਼ਹੀਦੀ ਦਿਨ | – ਅਕਤੂਬਰ ਵਿੱਚ |
| (5) | ਖਾਲਸਾ ਪੰਥ ਦਾ ਜਨਮ ਦਿਨ (ਵਿਸਾਖੀ) | – ਅਪ੍ਰੈਲ ਵਿੱਚ |
| (6) | ਗੁਰੂ ਗਰੰਥ ਸਾਹਿਬ ਜੀ ਦਾ ਪ੍ਰਕਾਸ਼ ਦਿਨ | – ਸਤੰਬਰ ਵਿੱਚ |

**Task:-** Find out more about '*Nagar Kirtan*' in your area, say if you would like to participate in it.

# ਅੰਗਰੇਜ਼ੀ ਅਤੇ ਦੇਸੀ ਮਹੀਨੇ




**Task:-** ਚੇਤੇ ਕਰਕੇ ਅੰਗਰੇਜ਼ੀ ਤੇ ਦੇਸੀ ਮਹੀਨਿਆਂ ਦੇ ਨਾਮ ਕਰਮਵਾਰ ਆਪਣੀ ਕਾਪੀ ਵਿੱਚ ਲਿਖੋ ।

## OUR MESSAGE

**1.**

- ਪੰਜਾਬੀ ਬੋਲੀ ਵਿੱਚ ਸਿੱਖ ਕੌਮ ਦੇ ਸਵਾਸ ਹਨ ।
- ਸਵਾਸਾਂ ਬਿਨਾਂ ਕੋਈ ਕਿੰਨੀ ਦੇਰ ਜੀਅ ਸਕਦਾ ਹੈ ।
- ਪੰਜਾਬੀ ਬੋਲਣਾ ਹਰ ਸਿੱਖ ਦਾ ਫਰਜ਼ ਹੈ ।
- ਪੰਜਾਬੀ ਪੜ੍ਹਨੀ ਤੇ ਲਿਖਣੀ ਸਿੱਖਣ ਨਾਲ ਸਿੱਖ ਦਾ ਮਾਣ ਵੱਧਦਾ ਹੈ ।

**2.**

**ਅਮਰੀਕਾ, ਕੈਨੇਡਾ, ਅਸਟ੍ਰੇਲੀਆ, ਮਲੇਸ਼ੀਆ ਆਦਿ ਦੇਸ਼ਾਂ ਵਿੱਚ**

ਜੇਕਰ ਕੋਈ ਸਿੱਖ ਸੰਸਥਾ ਜਾਂ ਗੁਰਦਵਾਰਾ ਜਾਂ ਦਾਨੀ ਸਿੱਖ

**ਪੰਜਾਬੀ ਅਤੇ ਸਿੱਖ ਸਟੱਡੀਜ਼ ਕੋਰਸ ਦੀ ਕਿਤਾਬ ਨੂੰ**

ਸਪੌਂਸਰ ਕਰਕੇ ਜਾਂ ਆਪ ਛਪਵਾ ਕੇ

ਵੇਚਣਾ ਜਾਂ ਮੁਫਤ ਵੰਡਣਾ ਚਾਹੇ ਤਾਂ

ਪ੍ਰਕਾਸ਼ਕ **D.T.F.** ਨਾਲ ਜਾਂ ਲੇਖਕਾਂ ਨਾਲ ਸੰਪਰਕ ਕਰੇ ।

---

**ਮਾਂ ਬੋਲੀ ਜੇ ਭੁੱਲ ਜਾਓਗੇ, ਕੱਖਾਂ ਵਾਂਗੂੰ ਰੁਲ ਜਾਓਗੇ !**

ਮਾਂ ਬੋਲੀ ਪੰਜਾਬੀ ਦੇ ਸੱਚੇ ਸਪੂਤ ਸ੍ਰ. ਗੁਰਿੰਦਰ ਸਿੰਘ ਸਾਚਾ ਅਤੇ ਸ੍ਰ. ਸਾਧੂ ਸਿੰਘ ਕੰਗ ਨੇ ਵਿਦੇਸ਼ਾਂ ਵਿੱਚ ਪੰਜਾਬੀ ਬੋਲੀ ਵਾਸਤੇ ਅਣਥਕ ਕੰਮ ਕੀਤਾ ਹੈ । ਦੋਵੇਂ ਸਾਥੀ ਜਿੱਥੇ ਪੰਜਾਬੀ ਦੇ ਮਹਾਨ ਵਿਦਵਾਨ ਹਨ ਉੱਥੇ ਟੀਚਿੰਗ ਲਾਈਨ ਦੇ ਮੋਹਰਲੀ ਕਿਤਾਰ ਦੇ ਸਾਬਕਾ ਅਧਿਆਪਕ ਵੀ ਨੇ । ਪੰਜਾਬੀ ਅਤੇ ਏਸ਼ੀਅਨ ਬੱਚਿਆਂ ਦੀ ਮਾਨਸਿਕਤਾ ਨੂੰ ਡੂੰਘੀ ਨੀਝ ਨਾਲ ਸਮਝ ਕੇ ਪੰਜਾਬੀ ਬੋਲੀ ਦੇ ਵਾਧੇ ਅਤੇ ਪਸਾਰੇ ਲਈ ਇਹਨਾਂ ਨੇ ਅਨੇਕਾਂ ਸੁਖੈਨ ਪੰਜਾਬੀ ਪੁਸਤਕਾਂ ਰਚੀਆਂ ਹਨ । ਜਿਨ੍ਹਾਂ ਦਾ ਭਰਵਾਂ ਸੁਆਗਤ ਹੋਇਆ ਹੈ । ਇਹਨਾਂ ਪੁਸਤਕਾਂ ਤੋਂ ਬੱਚਿਆਂ ਨੇ ਪੰਜਾਬੀ ਬੋਲਣੀ ਤੇ ਲਿਖਣੀ ਸਿੱਖੀ ਹੈ । ਹੱਥਲੀ ਪੁਸਤਕ ਪੰਜਾਬੀ ਅਤੇ ਸਿੱਖ ਸਟੱਡੀਜ਼ ਕੋਰਸ ਨਿਰਸੰਦੇਹ ਬੱਚਿਆਂ ਲਈ ਲਾਭਕਾਰੀ ਸਿੱਧ ਹੋਵੇਗੀ । ਧਰਮ, ਬੋਲੀ ਅਤੇ ਸਭਿਆਚਾਰ ਨਾਲ ਜੋੜਨ ਲਈ ਇਹ ਪੁਸਤਕ ਇੱਕ ਕੜੀ ਸਾਬਤ ਹੋਵੇਗੀ । ਸਾਨੂੰ ਇਨ੍ਹਾਂ ਦੀ ਮਿਹਨਤ ਅਤੇ ਲਗਨ ਤੇ ਮਾਣ ਹੈ ।

ਗੁਰਦੀਪ ਸਿੰਘ ਸੰਧੂ ਅਤੇ ਅੰਮ੍ਰਿਤ ਕੌਰ ਸੰਧੂ

ਸੰਪਾਦਕ ਪੰਜਾਬ ਮੇਲ ਇੰਟਰਨੈਸ਼ਨਲ

**PANJABI TEACHING MATERIALS BY MESSERS SACHA AND KANG**

| | | |
|---|---|---|
| 1. | Personal Identification | GCSE TOPIC WORK BOOK 1 |
| 2. | Family and People | GCSE TOPIC WORK BOOK 2 |
| 3. | House and Home | GCSE TOPIC WORK BOOK 3 |
| 4. | Holidays and Festivals | GCSE TOPIC WORK BOOK 4 |
| 5. | Weather and Seasons | GCSE TOPIC WORK BOOK 5 |
| 6. | Travel and Transport | GCSE TOPIC WORK BOOK 6 |
| 7. | Accommodation | GCSE TOPIC WORK BOOK 7 |
| 8 | Food and Drink | GCSE TOPIC WORK BOOK 8 |
| 9. | Shopping | GCSE TOPIC WORK BOOK 9 |
| 10. | Health and Welfare | GCSE TOPIC WORK BOOK 10 |
| 11. | People Who Help Us | |
| 12. | GCSE Panjabi Basic Reading | |
| 13. | Reading Comprehension and Writing Exercises | |
| 14. | Panjabi through Worksheets | |
| 15. | Mathematical Puzzles and Riddles in Panjabi | |
| 16. | Panjabi for Beginners (Through English) | |
| 17. | Panjabi and Sikh Studies Course (Intermediate level) | |
| 18. | Panjabi and Sikh Studies (Advanced level) | |

## FROM ALPHABET TO ADVANCED LEVEL

A unique course in Panjabi consisting of only three books

1. **PANJABI FOR BEGINNERS** (Through English)

* Step by step self primer
* One lesson one page
* Interesting reading material
* Abundant vocabulary
* Self testing exercises
* Writing practice

2. **PANJABI & SIKH STUDIES** (Intermediate Level)

* An intermediate course in Panjabi suitable for GCSE students
* Topics relating to Home and School environments
* Enjoyable stories for extensive reading practice
* Basic facts about Sikh faith.
* Comprehensive exercises

3 .**PANJAB & SIKH STUDIES** (Advanced Level)

* For AS level and Advanced level studies
* Topics relating to local community and the world at large
* Samples of past A level question papers and examiner comments
* Factual essays on Sikhs & Sikhism
* Comprehensive exercises

**THE AUTHORS**

Mr.G.S.Sacha had started his career in Britain as a Geography teacher in 1967 and retired (early) in 1991 as an Adviser to teachers of South Asian Languages.

Mr.S.S.Kang had started as Maths teacher in 1971 and changed over to teaching GCSE and 'A' level Panjabi in 1984. He also retired in 1995 for health reasons.

Both the authors have worked as Chief Examiners &Moderators with various Exam Boards. Their experience with Advanced level work in Panjabi is quite enviable. For the last few ears they have dedicated their time and energy in writing suitable teaching materials in Panjabi. A full list of these materials is also given elsewhere in this book.